ਜਨਵਰੀ 2016

ਅੰਕ 3

# ਪ੍ਰਤਿਬਿੰਬ

## ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦਾ ਪ੍ਰਤੀਨਿਧ



## ਸਕੇਪ ਪੰਜਾਬ ਈ-ਪਤ੍ਰਿਕਾ

www.scapepunjab.com

ਸਾਹਿਤ, ਖੋਜ ਅਤੇ ਸੱਭਿਆਚਾਰ ਦਾ ਪ੍ਰਤੀਨਿਧ

# ਪ੍ਰਤਿਬਿੰਬ

ਸਕੇਪ ਪੰਜਾਬ ਮਾਸਿਕ ਈ-ਪਤ੍ਰਿਕਾ

ਜਨਵਰੀ, 2016

ਅੰਕ 3

**ਮੁੱਖ ਸੰਪਾਦਕ**

ਮਨੋਜ ਫਗਵਾੜਵੀ

**ਸੰਪਾਦਕ**

ਐੱਸ. ਬਲਵੰਤ, ਸੁਬੇਗ ਸੱਧਰ, ਚਰਨਜੀਵ ਸਿੰਘ

**ਸਲਾਹਕਾਰ**

ਡਾ. ਜੋਗਾ ਸਿੰਘ, ਮਨਦੀਪ ਸਿੰਘ, ਸੁਖਦੇਵ ਗੰਢਵਾ

**ਡਿਜ਼ਾਇਨਰ**

ਪਰਵਿੰਦਰ ਜੀਤ ਸਿੰਘ

**ਪ੍ਰਾਪਤੀ ਸ੍ਰੋਤ**

www.scapepunjab.com

**ਸੰਪਰਕ ਅਤੇ ਪਤਾ**

ਸਕੇਪ ਪੰਜਾਬ ਦਫ਼ਤਰ, ਫਗਵਾੜਾ

**ਮੋਬਾਇਲ**

+91 92178 89160,+91 98720 07176

ਈ-ਮੇਲ : scapepunjab@gmail.com

**ਜ਼ਰੂਰੀ ਸੂਚਨਾ:** ਸਕੇਪ ਪੰਜਾਬ ਦਾ ਈ-ਮੈਗਜ਼ੀਨ **'ਪ੍ਰਤਿਬਿੰਬ'** ਮੁਫ਼ਤ ਮੈਗਜ਼ੀਨ ਹੈ ਜਿਸ ਦਾ ਤੁਸੀਂ ਸਕੇਪ ਪੰਜਾਬ ਦੀ ਵੈੱਬਸਾਇਟ ਤੋਂ ਉਤਾਰਾ ਕਰ ਸਕਦੇ ਹੋ। ਸਕੇਪ ਪੰਜਾਬ ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਰਚਨਾਵਾਂ ਦੀ ਮੌਲਿਕਤਾ,ਨਵੀਨਤਾ ਦਾ ਅਧਿਕਾਰ ਖ਼ੁਦ ਲੇਖਕ ਦਾ ਹੋਵੇਗਾ।

## ਤਤਕਰਾ

**ਸੰਪਾਦਕੀ**

ਪਰਵਿੰਦਰ ਜੀਤ ਸਿੰਘ...................... 3

**ਵਿਸ਼ੇਸ਼ ਲੇਖ: ਆਓ ਨਵੇਂ ਪੈਂਡੇ ਤਹਿ ਕਰੀਏ**

ਐੱਸ ਸੁਰਿੰਦਰ.................................... 4

**ਭਾਸ਼ਾਈ ਸਮਾਨਤਾ ਅਤੇ ਅਧਿਕਾਰਾਂ ਲਈ ਅੰਦੋਲਨ**

ਡਾ. ਜੋਗਾ ਸਿੰਘ............................... 5

**ਚਮਕੌਰ ਦੀ ਲੜਾਈ ਦਾ ਸੱਚ**

ਡਾ. ਹਰਜਿੰਦਰ ਸਿੰਘ ਦਿਲਗੀਰ............. 6

**ਵਿਲੱਖਣ ਸ਼ਖਸ਼ੀਅਤ : ਵਿਵੇਕ ਸ਼ੋਕ**

ਸੰਦੀਪ ਰਾਣਾ.................................. 8

**ਕਿਸਾਨਾਂ ਦੀ ਖ਼ੁਦਕੁਸ਼ੀਆਂ ਦਾ ਕਾਰਨ**

ਗੁਰਚਰਨ ਪੱਖੋਕਲਾਂ ......................... 10

**ਪੁਸ਼ਪਾਂਜਲੀ ਪੁਸਤਕ-ਸਮੀਖਿਆ**

ਡਾ. ਜਗੀਰ ਸਿੰਘ ਨੂਰ.......................... 11

**ਲਿਖਤ ਤੇ ਲੇਖਕ ਦੇ ਹਿਰਦੇ ਚੋਂ ਲੰਘਦਿਆਂ**

ਐੱਸ ਬਲਵੰਤ.................................. 12

**ਕਹਾਣੀ : ਸਮੇਂ ਦਾ ਸੱਚ**

ਸਤਪ੍ਰੀਤ ਸਿੰਘ................................. 15

**ਕਹਾਣੀ: ਮੈਨੂੰ ਜਨਮ ਲੈਣ ਦਿਓ**

ਕੁਲਵਿੰਦਰ ਕੰਵਲ............................. 16

**ਮਿੰਨੀ ਕਹਾਣੀ: ਲੰਗਰ**

ਸੰਜੀਵ ਸੈਣੀ .................................... 17

**ਕਹਾਣੀ: ਸਫ਼ਰ**

ਵਰਿੰਦਰ ਆਜ਼ਾਦ ............................... 17

**ਚਾਰ ਕਵਿਤਾਵਾਂ**

ਰਵਿੰਦਰ ਰਵੀ.................................. 25

**ਦੋ ਗ਼ਜ਼ਲਾ**

ਪ੍ਰਕਾਸ਼ ਸੋਹਲ ................................. 27

**ਗ਼ਜ਼ਲ:** ਮਨੋਜ ਫਗਵਾੜਵੀ..................... 28

**ਨਜ਼ਮ :** ਹਰਦਿਆਲ ਸਾਗਰ ................. 28

**ਕਵਿਤਾ :** ਮਨਦੀਪ ਗਿੱਲ ...................... 29

**ਕਵਿਤਾ :** ਨਗੀਨਾ ਸਿੰਘ ਬਲੱਗਣ............... 29



## ਸੰਪਾਦਕੀ

ਪਰਵਿੰਦਰ ਸਿੰਘ, 9872007176

ਸਾਨੂੰ ਪੰਜਾਬੀ ਹੋਣ ਤੇ ਫ਼ਖਰ ਹੈ, ਪਰ ਅਸਲ 'ਚ ਅਸੀਂ ਮਾਂ ਬੋਲੀ "ਪੰਜਾਬੀ" ਦਾ ਹੀ ਨਿਰਾਦਰ ਕਰ ਰਹੇ ਹਾਂ। ਜਿਥੇ ਵੀ ਪੰਜਾਬੀ ਸ਼ਬਦ ਅਸੀਂ ਕਿਸੇ ਮਨੁੱਖ ਦੇ ਨਾਂ ਦੇ ਨਾਲ ਸੁਣਦੇ ਹਾਂ ਉਥੇ ਹੀ ਸਾਨੂੰ ਅਪਨਤ ਦਾ ਅਹਿਸਾਸ ਹੁੰਦਾ ਹੈ। ਪਰ ਕੀ ਪੰਜਾਬੀ ਹੋਣਾ ਹੀ ਬਹੁਤ ਹੈ? ਜੇਕਰ ਪੰਜਾਬੀ ਵਿਅਕਤੀ ਆਪਣੇ ਸੱਭਿਆਚਾਰ, ਪਹਿਰਾਵੇ ਜਾਂ ਬੋਲੀ ਨੂੰ ਹੀ ਭੁਲ ਜਾਵੇ ਤਾਂ ਉਸ ਨੂੰ ਪੰਜਾਬੀ ਕਹਿਲਾਉਣ ਦਾ ਵੀ ਕੋਈ ਹੱਕ ਨਹੀ ਹੈ।

ਪਹਿਲਾਂ ਹੀ ਪੰਜਾਬੀ ਭਾਸ਼ਾ ਨਾਲ ਬਹੁਤ ਦੁਖਾਂਤ ਵਾਪਰ ਚੁੱਕਾ ਹੈ। ਪਹਿਲਾਂ ਤਾਂ 1947 ਵਿੱਚ ਹੋਈ ਵੰਡ ਨੇ ਸਿਰਫ਼ ਆਪਸੀ ਭਾਈਚਾਰੇ ਨੂੰ ਹੀ ਵੱਖਰਾ ਨਹੀ ਕੀਤਾ ਬਲਕੇ ਉਨ੍ਹਾਂ ਦੀ ਭਾਸ਼ਾ ਨੂੰ ਵੀ ਗਹਿਰੀ ਠੇਸ ਪਹੁੰਚਾਈ ਹੈ। ਉਸ ਤੋਂ ਬਾਅਦ 1966 'ਚ ਬੋਲੀ ਦੇ ਆਧਾਰ ਉਪਰ ਹੋਈ ਪੰਜਾਬੀ ਸੂਬੇ ਦੀ ਵੰਡ ਨੇ ਭਾਰਤੀ ਪੰਜਾਬ ਨੂੰ ਸਿਰਫ਼ 50,000 ਵਰਗ ਕਿ.ਮੀ. ਦੀ ਸੀਮਾਂ ਦੇ ਅੰਦਰ ਹੀ ਸੀਮਤ ਕਰ ਦਿੱਤਾ ਗਿਆ । ਇਸ ਤੋਂ ਬਾਅਦ ਵੀ ਜੇਕਰ ਕੁੱਝ ਮਾਂ ਬੋਲੀ ਦੇ ਕੋਲ ਬਚਿਆ ਤਾਂ ਉਹ ਵਿਸ਼ਵੀਕਰਨ ਅਤੇ ਤਕਨੀਕੀ ਉਨਤੀ ਦੀ ਮਾਰ ਹੇਠ ਆ ਗਿਆ। ਇਸ ਸਭ ਦਾ ਜਿੰਮੇਵਾਰ ਕੌਣ ਹੈ? ਇਸ ਸਵਾਲ ਦਾ ਠੀਕਰਾ ਸਭ ਇੱਕ ਦੂਜੇ ਤੇ ਸੁੱਟਦੇ ਹਨ। ਬਹੁਤੇ ਤਾਂ ਸਰਕਾਰ ਦਾ ਦੋਸ਼ ਲਗਾ ਕੇ ਹੀ ਇਸ ਸਵਾਲ ਤੋਂ ਬੱਚ ਨਿਕਲਦੇ ਹਨ, ਕੁਝ ਲਈ ਇਹ ਸਵਾਲ ਜਾਂ ਪੰਜਾਬੀ ਬੋਲੀ ਪ੍ਰਤੀ ਸਵਾਲ ਦਾ ਕੋਈ ਮਤਲਬ ਨਹੀ ਹੁੰਦਾ। ਇਸ ਤੋਂ ਬਾਅਦ ਸਵਾਲ ਇਹ ਪੈਦਾ ਹੁੰਦਾ ਹੈ ਕਿ ਅਸੀਂ ਪੰਜਾਬੀ ਭਾਸ਼ਾ ਦੇ ਪ੍ਰਚਾਰ ਲਈ ਕਿਨ੍ਹੇ ਕੁ ਜਾਗਰੁਕ ਹਾਂ? ਸਾਹਿਤਕਾਰਾ ਨੂੰ ਛੱਡ ਕੇ ਬਹੁਤਿਆ ਲਈ ਪੰਜਾਬੀ ਭਾਸ਼ਾ ਸਿਰਫ਼ ਸਵੇਰ ਦੀ ਅਖ਼ਬਾਰ ਪੜ੍ਹਨ ਤੱਕ ਹੀ ਸੀਮਤ ਹੈ। ਉਸ ਨੂੰ ਵੀ ਲੋਕ ਛੱਡਕੇ ਗੈਰ- ਭਾਸ਼ਾਈ ਅਖ਼ਬਾਰਾਂ 'ਚ ਦਿਲਚਸਪੀ ਦਿਖਾਉਣ ਲਗ ਪਏ ਹਨ। ਮਾਂ-ਬੋਲੀ ਦੀ ਜਰੂਰਤ ਕਿਉਂ ਹੈ? ਕਿਉਂ ਪੰਜਾਬੀ ਮਾਂ-ਬੋਲੀ ਨੂੰ ਉਸਦਾ ਬਣਦਾ ਦਰਜ਼ਾ ਉਸ ਦੀ ਧਰਤੀ ਤੇ ਹੀ ਨਹੀ ਮਿਲ ਰਿਹਾ? ਅਸੀਂ ਇਸ ਲਈ ਕੀ ਕਰ ਸਕਦੇ ਹਾਂ? ਇਸ ਤਰ੍ਹਾਂ ਦੇ ਸਵਾਲ ਤੇ ਬਹੁਤ ਹਨ ਪਰ ਇਸ ਨੂੰ ਕੋਈ ਵੀ ਡੂੰਘਿਆਈ ਨਾਲ ਨਹੀਂ ਵਿਚਾਰਨਾ ਚਾਹੁੰਦਾ।

ਕੋਈ ਬਾਹਰੀ ਭਾਸ਼ਾ ਸਿੱਖਣੀ ਕੋਈ ਮਾੜੀ ਗੱਲ ਨਹੀ ਹੈ ਪਰ ਆਪਣੀ ਪੰਜਾਬੀ ਮਾਂ-ਬੋਲੀ ਪੰਜਾਬ ਵਿੱਚ ਵਸਦੇ ਜਾਂ ਪੰਜਾਬੀਅਤ ਨਾਲ ਪਿਆਰ ਕਰਨ ਵਾਲਿਆ ਲਈ ਇਸ ਲਈ ਜਰੂਰੀ ਹੈ ਕਿਉਂ ਕਿ ਜੋ ਕੁੱਝ ਬੱਚਾ ਜਾਂ ਵੱਡਾ ਆਪਣੇ ਹਾਵ-ਭਾਵ ਆਪਣੀ ਮਾਂ ਬੋਲੀ ਦੇ ਵਿੱਚ ਦਸ ਸਕਦਾ ਹੈ ਉਹ ਦੂਸਰੇ ਵਿੱਚ ਨਹੀ। ਵਿਸ਼ਲੇਸ਼ਨ ਦੇ ਅਧਾਰ ਤੇ ਗੈਰ-ਮਾਂ ਬੋਲੀ ਵਿੱਚ ਕੰਮ ਕਰਨ ਵਾਲੇ ਦੀ ਮਾਂ-ਬੋਲੀ ਵਿੱਚ ਕੰਮ ਕਰਨ ਵਾਲਿਆ ਨਾਲੋ ਘੱਟ ਗਿਆਨ ਰਖਦੇ ਹਨ, ਪਰ ਪੰਜਾਬੀ ਭਾਸ਼ਾ ਲਈ ਦੁਖਾਂਤ ਇਹ ਹੈ ਕਿ ਇਸ ਨੂੰ ਪੇਂਡੂ ਬੋਲੀ ਦਾ ਰੁਤਬਾ ਦੇਕੇ ਹਰ ਵੇਲੇ ਅਣਗੋਲਿਆ ਗਿਆ ਹੈ। ਮਾਂ ਬੋਲੀ ਦੀ ਮਹੱਤਤਾ ਦਾ ਅੰਦਾਜਾ ਤੁਸੀਂ ਇਸ ਤੋਂ ਵੀ ਲਗਾ ਸਕਦੇ ਹੋ ਕਿ ਰਬਿੰਦਰ ਨਾਥ ਟੈਗੋਰ ਨੂੰ ਉਸ ਦੀ ਮਾਂ ਬੋਲੀ ਵਿੱਚ ਲਿਖੀ ਕਿਤਾਬ 'ਗੀਤਾਂਜਲੀ' ਲਈ ਨੋਬਲ ਪੁਰਸਕਾਰ ਮਿਲਿਆ ਹੈ। ਟੈਗੋਰ ਦੇ ਮੁਤਾਬਿਕ "ਕੋਈ ਮਾਂ-ਬੋਲੀ ਗੈਰ-ਮਿਆਰੀ ਨਹੀਂ ਹੁੰਦੀ। ਉਸ ਵਿੱਚ ਲਿਖਣਾ ਹੀ ਲੇਖਕ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ।"

ਪੰਜਾਬੀ ਮਾਂ-ਬੋਲੀ ਨੂੰ ਉਸ ਦੀ ਬਣਦੀ ਜਗ੍ਹਾਂ ਨਾ ਦੇਣ ਦਾ ਇੱਕ ਵੱਡਾ ਕਾਰਨ ਵਿਸ਼ਵੀਕਰਨ ਦੀ ਦੋੜ ਹੈ, ਜਿਸ ਦੇ ਅੰਤਰਗਤ ਅੰਗਰੇਜ਼ੀ ਨੂੰ ਪਹਿਲ ਦਿੱਤੀ ਜਾਂਦੀ ਹੈ। ਇਸ ਮਿਥਿਆਸ ਨੂੰ ਅਸੀਂ ਸੱਚ ਮਨ ਬੈਠੇ ਹਾਂ। ਚਾਈਨਾ, ਜਾਪਾਨ, ਫਰਾਂਸ ਆਦਿ ਆਪਣੀ ਮਾਂ-ਬੋਲੀ ਵਿੱਚ ਵਿਉਪਾਰ ਕਰ ਰਹੇ ਹਨ। ਕੀ ਉਨ੍ਹਾਂ ਤੇ ਵਿਸ਼ਵੀਕਰਨ ਦਾ ਕੋਈ ਅਸਰ ਨਹੀਂ? ਇਹ ਸਭ ਜਾਣਦੇ ਨੇ। ਇਸ ਤੋਂ ਇਲਾਵਾ ਸਰਕਾਰੀ ਖੋਖਲੇ ਵਾਅਦੇ, ਪੰਜਾਬੀ ਸਭਾਵਾਂ ਦਾ ਇੱਕ-ਜੁੱਟ ਨਾ ਹੋਣਾ, ਤਕਨਾਲੋਜ਼ੀ ਵਿੱਚ ਆ ਰਹੇ ਨਵੇਂ ਪਰਵਾਸੀ ਸ਼ਬਦਾ ਦਾ ਪੰਜਾਬੀ ਵਿੱਚ ਅਨੁਵਾਦ ਨਾ ਹੋਣਾ ਵੀ ਇਸ ਦੇ ਕੁੱਝ ਕੁ ਮੁੱਖ ਕਾਰਨ ਹਨ।

ਇਹ ਮਸਲਾ ਆਉਣ ਵਾਲੇ ਸਮੇਂ ਵਿੱਚ ਇੱਕ ਬਹੁਤ ਗੰਭੀਰ ਵਿਸ਼ੇ ਵਜੋਂ ਸਾਹਮਣੇ ਆਉਣਾ ਤੈਅ ਹੈ, ਜਦ ਪੰਜਾਬੀ ਦੀ ਪੰਜਾਬ 'ਚ ਹੀ ਕਦਰ ਨਹੀ ਹੋਵੇਗੀ। ਜਿਵੇਂ ਫਿਰੋਜਦੀਨ ਸ਼ਰਫ਼ ਮਾਂ ਬੋਲੀ ਤੇ ਆਪਣੀ ਚਿੰਤਾ ਪ੍ਰਗਟਾਉਂਦਾ ਹੋਇਆ ਕਹਿੰਦਾ ਹੈ ਕਿ "ਪੁਛੀ ਸ਼ਰਫ਼ ਨਾ ਜਿਹਨਾਂ ਬਾਤ ਮੇਰੀ ਵੇ ਮੈਂ ਬੋਲੀ ਹਾਂ ਉਹਨਾਂ ਪੰਜਾਬੀਆਂ ਦੀ " । ਅੱਜ ਦੇ ਸਮੇਂ ਪੰਜਾਬੀ ਬੋਲੀ ਦੀ ਇਹੀ ਹਾਲਤ ਹੋ ਗਈ ਹੈ, ਇਸ ਦੇ ਮੁੱਖ ਜਿੰਮੇਵਾਰ ਕੋਈ ਹੋਰ ਨਹੀ ਅਸੀਂ ਹੀ ਹਾਂ ਜੋ ਆਪ ਤੇ ਪੰਜਾਬੀ ਹਾਂ ਪਰ ਬੱਚਿਆ ਨੂੰ ਅੰਗਰੇਜ਼ੀ ਸਕੂਲਾ ਵਿੱਚ ਪੜਾਉਂਦੇ ਹਾਂ ਭਾਵੇਂ ਬੱਚੇ ਨੂੰ ਉਥੇ ਇੱਲ ਦਾ ਕੁੱਕੜ ਵੀ ਨਾ ਸਮਝ ਆਵੇ ਤੇ ਬਹੁਤੀ ਵਾਰ ਵੇਖਣ ਨੂੰ ਮਿਲਦਾ ਹੈ ਕਿ ਬੱਚਾ ਦੂਜੀ ਭਾਸ਼ਾ ਦੀ ਘਾਟ ਕਾਰਨ ਨਾ ਤੇ ਮਾਂ-ਬੋਲੀ ਸਮਝ ਪਾਉਂਦਾ ਹੈ ਅਤੇ ਨਾ ਹੀ ਪਰਵਾਸੀ ਬੋਲੀ। ਇਹ ਅਧਿਐਨ ਤੋਂ ਵੀ ਪੁਖਤਾ ਹੋ ਚੁੱਕਾ ਹੈ ਕਿ ਜੋ ਕੁਝ ਅਸੀਂ ਆਪਣੀ ਮਾਂ ਬੋਲੀ ਵਿੱਚ ਸਿੱਖ ਸਕਦੇ ਹਾਂ ਹੋ ਗੈਰ-ਭਾਸ਼ਾਈ ਬੋਲੀ ਦੇ ਵਿੱਚ ਨਹੀ। ਸਿਰਫ਼, ਲੋੜ ਹੈ ਸਾਨੂੰ ਸੁਚੇਤ ਅਤੇ ਜਾਗਰੂਕ ਹੋਣ ਦੀ ਅਤੇ ਆਪਣੀ ਸੋਚ ਨੂੰ ਬਦਲਣ ਦੀ। ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਕਵੀ ਧਨੀ ਰਾਮ ਚਾਤ੍ਰਿਕ ਦੀ ਇਹ ਸਤਰਾਂ ਪੰਜਾਬੀ ਬੋਲੀ ਪ੍ਰਤੀ ਪ੍ਰੇਮ ਨੂੰ ਪੇਸ਼ ਕਰਦੀਆਂ ਹਨ 'ਇਹੋ ਜਿੰਦ ਜਾਨ ਸਾਡੀ, ਮੋਤੀਆਂ ਦੀ ਖਾਨ ਸਾਡੀ, ਹੱਥੋਂ ਨਹੀਂ ਗੁਆਉਣੀ, ਬੋਲੀ ਹੈ ਪੰਜਾਬੀ ਸਾਡੀ'। ਜੇ ਸਭ ਦੀ ਸੋਚ ਇਸ ਤਰ੍ਹਾਂ ਦੀ ਹੋ ਜਾਵੇਂ ਤਾਂ ਪੰਜਾਬੀ ਸੂਬਾ ਪਹਿਲਾਂ ਵਾਂਘ

ਖੁਸ਼ੀਆਂ ਨਾਲ ਭਰ ਜਾਵੇਗਾ ਅਤੇ ਸਾਨੂੰ ਵੀ ਆਪਣੇ ਪੰਜਾਬੀ ਹੋਣ ਤੇ ਮਾਣ ਹੋਵੇਗਾ। ਸੋ ਅਸੀਂ ਸਾਰੇ ਨਵੇਂ ਵਰ੍ਹੇ 2016 ਤੇ ਇਹ ਸੰਕਲਪ ਲਈਏ ਕਿ ਅਸੀਂ ਸਿਰਫ਼ ਪੰਜਾਬੀ ਭਾਸ਼ਾ ਨੂੰ ਆਪਣੇ ਤਕ ਹੀ ਸੀਮਤ ਨਾ ਰਖਾਗੇਂ, ਸਗੋਂ ਇਸ ਦੇ ਪ੍ਰਚਾਰ ਅਤੇ ਪਾਸਾਰ ਦਾ ਮਾਧਿਅਮ ਵੀ ਬਣਾਗੇ। ਅੰਤ ਵਿੱਚ ਆਪ ਸਭ ਨੂੰ 2016 ਦੀ ਬਹੁਤ ਬਹੁਤ ਵਧਾਈ।



## ਆਓ ਨਵੇਂ ਪੈਂਡੇ ਤਹਿ ਕਰੀਏ

ਐੱਸ ਸਰਿੰਦਰ, ਇਟਲੀ

ਜਦੋਂ ਵੀ ਕਿਸੇ ਨਵੀਂ ਚੀਜ਼ ਦੀ ਆਮਦ ਹੁੰਦੀ ਹੈ। ਉਸ ਨੂੰ ਅਸੀਂ ਸਾਰੇ ਜੀ ਆਇਆ ਆਖਦੇ ਹਾਂ। ਇਹ ਤਕਰੀਬਨ ਹਰ ਦੇਸ਼ ਦੇ ਲੋਕ ਕਰਦੇ ਹਨ, ਤੇ ਹਰ ਸਮਾਜ ਦੇ ਲੋਕ ਨਵੇਂ ਸਾਲ ਨੂੰ ਜੀ ਆਇਆ ਆਖਦੇ ਹਨ। ਵੈਸੇ ਤਾਂ ਕੇਵਲ 2015 ਦੀ ਥਾਂ 2016 ਨੇ ਕੁਦਰਤੀ ਤੌਰ ਤੇ ਲੈ ਲੈਣੀ ਹੈ। 2015 ਨੂੰ ਜਾਣੋਂ ਕੋਈ ਵੀ ਰੋਕ ਨਹੀਂ ਸਕਦਾ। 2016 ਨੂੰ ਆਣ ਤੋਂ ਕੋਈ ਰੋਕ ਨਹੀਂ ਸਕਦਾ। ਸਿਰਫ਼ ਕੈਲੰਡਰ ਬਦਲ ਜਾਣਾ ਹੈ, ਸੂਰਜ ਹਮੇਸ਼ਾ ਵਾਂਗ ਚੜ੍ਹਨਾ ਹੈ, ਰਾਤ ਹਮੇਸ਼ਾ ਵਾਂਗ ਪੈਣੀ ਹੈ। ਇਹ ਪਰਕਿਰਿਆ ਜਦੋਂ ਦੀ ਮਨੁੱਖਤਾ ਪੈਦਾ ਹੋਈ ਹੈ, ਉਦੋਂ ਦੀ ਚਲ ਰਹੀ ਹੈ। ਹਰ ਜਾਣ ਵਾਲਾ ਸਮਾਂ ਕੁਝ ਖੱਟੀਆਂ-ਮਿੱਠੀਆਂ ਯਾਦਾਂ ਛੱਡ ਜਾਂਦਾ ਹੈ। ਚੰਗਾ ਵਕਤ ਸਾਨੂੰ ਮਿੱਠੀ ਯਾਦ ਦੇ ਜਾਂਦਾ ਹੈ, ਤੇ ਬੁਰਾ ਵਕਤ ਸਾਨੂੰ ਕੌੜੀ ਯਾਦ ਦੇ ਜਾਂਦਾ ਹੈ।

ਜਦੋਂ ਦੀ ਮਨੁੱਖ ਜਾਤੀ ਪੈਦਾ ਹੋਈ ਹੈ, ਨਿਤਾਣੇ-ਜਰਵਾਣੇ, ਅਮੀਰ-ਗਰੀਬ, ਰੰਗ-ਨਸਲ, ਭੇਦ-ਭਾਂਵ, ਜਾਤ-ਪਾਤ, ਛੂਤ-ਛਾਤ, ਦਾ ਵਿਖਰੇਵਾ ਸਦੀਆਂ ਤੋਂ ਚਲ ਰਿਹਾ ਹੈ। ਭੁੱਖ, ਗਰੀਬੀ, ਜਹਾਲਤ, ਧਾਰਮਿਕ ਕੱਟੜਤਾ ਦੀ ਅਲਾਮਤ ਅੱਜ ਤੱਕ ਸਾਰੀ ਦੁਨੀਆਂ ਖਤਮ ਨਹੀਂ ਕਰ ਸਕੀ। 21ਵੀਂ ਸਦੀ ਵਿੱਚ ਵੀ ਔਰਤ ਦਾ ਸੋਸ਼ਣ, ਬਾਲ ਮਜ਼ਦੂਰੀ, ਭਰੂਣ ਹੱਤਿਆ, ਆਰਥਿਕ ਮੰਦਹਾਲੀ ਦਾ ਸੰਤਾਪ ਅਜੇ ਤੱਕ ਖਤਮ ਨਹੀਂ ਹੋ ਸਕਿਆ।

ਅੱਜ ਸਾਡੇ ਸਮਾਜ ਦਾ ਵੱਡਾ ਹਿੱਸਾ ਪੜ੍ਹਿਆ ਲਿਖਿਆ ਹੈ, ਲੇਕਿਨ ਇਸ ਦੇ ਬਾਵਜੂਦ ਅਸੀਂ ਨਸ਼ਿਆਂ ਦੀ ਬੁਰਾਈ ਮੁਕਾ ਨਹੀਂ ਸਕੇ। ਗੁੰਡੇ, ਬਦਮਾਸ਼ ਹਲਕੇ ਕੁੱਤੇ ਵਾਂਗ ਘੁੰਮ ਰਹੇ ਹਨ। ਗਰੀਬ ਇਨਸਾਫ਼ ਲਈ ਧੱਕੇ ਖਾ ਰਿਹਾ ਹੈ। ਲੋਕ ਬੇਇਲਾਜ਼ ਮਰ ਰਹੇ ਹਨ। ਅੱਜ ਇਲਾਜ਼ ਐਨਾ ਮਹਿੰਗਾ ਹੋ ਗਿਆ ਹੈ ਕਿ ਸਾਡੇ ਵਿੱਤ ਤੋਂ ਬਾਹਰ ਦੀ ਗੱਲ ਹੈ। ਘਰੇਲੂ ਪਰੇਸ਼ਾਨੀਆਂ ਲਾ-ਇਲਾਜ਼ ਬੀਮਾਰੀਆਂ ਬਣ ਰਹੀਆਂ ਹਨ। ਕਿਤੇ ਕਿਸਾਨ ਆਤਮ ਹੱਤਿਆ ਕਰ ਰਹੇ ਹਨ। ਕਿਤੇ ਬਜ਼ੁਰਗ ਮਾਤਾ-ਪਿਤਾ ਬਿਰਧ ਆਸ਼ਰਮ ਵਿੱਚ ਜ਼ਿੰਦਗੀ ਦਾ ਆਖ਼ਰੀ ਸਮਾਂ ਬਤੀਤ ਕਰ ਰਹੇ ਹਨ। ਇੱਕ ਨੌਕਰੀ ਹੈ ਹਜ਼ਾਰ ਬੇਰੁਜ਼ਗਾਰ ਹਨ। ਨਵੀਂ ਪੀੜੀ ਨੂੰ ਨੌਕਰੀ ਦੀ ਕੋਈ ਆਸ ਨਹੀਂ ਦਿਸਦੀ, ਇਸੇ ਕਰਕੇ ਜਵਾਨੀ ਕੁਰਾਹੇ ਪਈ ਹੋਈ ਹੈ। ਹਰ ਰੋਜ਼ ਜੁਰਮ, ਮਾਰ-ਧਾੜ ਵੱਧ ਰਹੀਂ ਹੈ। ਜ਼ਿੰਦਗੀ ਆਪਣੀ ਚੂਲ ਤੋਂ ਹਿਲ ਗਈ ਜਾਪਦੀ ਹੈ। ਅਰਾਜਕਤਾ, ਬੇ-ਯਕੀਨੀ, ਅੰਧ-ਵਿਸ਼ਵਾਸ਼ ਨੇ ਆਲਮ ਨੂੰ ਜਕੜਿਆ ਹੋਇਆ ਹੈ।

ਚਾਰੇ ਪਾਸੇ ਰਿਸ਼ਵਤ, ਮਿਲਾਵਟ, ਅਫ਼ਸਰ ਸ਼ਾਹੀ ਦਾ ਰਾਜ ਹੈ। ਅਯੋਗ ਲੋਕ ਯੋਗ ਅਹੁਦਿਆਂ ਤੇ ਬੈਠ ਕੇ ਸਾਡੇ ਅਦਾਰਿਆਂ ਨੂੰ ਬਰਬਾਦ ਕਰ ਰਹੇ ਹਨ। ਅਯੋਗ ਲੋਕਾਂ ਨੂੰ ਅੱਗੇ ਲਿਆ ਕੇ ਸਾਰੇ ਸਿਸਟਮ ਦਾ ਬੇੜਾ ਗਰਕ ਕੀਤਾ ਜਾ ਰਿਹਾ ਹੈ।

ਭਾਰਤ ਵਿੱਚ ਲੋਕਤੰਤਰ ਦੇ ਨਾਂ ਤੇ ਧ੍ਰਿਤਰਾਸ਼ਟਰਾਂ , ਦੁਰਯੋਧਨਾਂ ਨੇ ਲੋਕਾਂ ਤੇ ਜ਼ੁਲਮ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਵੋਟ ਦੀ ਰਾਜਨੀਤੀ ਸਾਡੇ ਲੀਡਰਾਂ ਦਾ ਕਾਮਯਾਬ ਹਥਿਆਰ ਹੈ। ਬੜੀ ਚਲਾਕੀ ਨਾਲ ਲੋਕਾਂ ਦਾ ਧਿਆਨ ਅਸਲ ਸਮੱਸਿਆਵਾਂ ਤੋਂ ਹਟਾ ਕੇ ਦੂਜੇ ਪਾਸੇ ਜੋੜਿਆ ਜਾ ਰਿਹਾ ਹੈ। ਭਾਰਤ ਵਿੱਚ ਰਾਜ ਕਿਸੇ ਪਾਰਟੀ  ਦਾ ਵੀ ਆ ਜਾਵੇ ਆਮ ਬੰਦਾ ਸਦਾ ਨਿਤਾਣਾ ਹੀ ਰਹਿੰਦਾ ਹੈ। ਪੂਰਾ ਰਾਜਨੀਤਿਕ ਢਾਂਚਾ ਗੰਦਗੀ ਦਾ ਢੇਰ ਹੈ, ਕੇਵਲ ਸਿਆਸੀ ਪਾਰਟੀਆਂ ਨੇ ਨਾਂ ਹੀ ਬਦਲੇ ਹਨ। ਆਮ ਲੋਕ ਸਿਆਸੀ ਲੋਕਾਂ ਦਾ ਕੇਵਲ ਵੋਟ ਬੈਂਕ ਬਣ ਕੇ ਰਹਿ ਗਏ ਹਨ। ਸਾਡੇ ਲੀਡਰਾਂ ਨੂੰ ਲੋਕਾਂ ਨਾਲੋਂ ਜ਼ਿਆਦਾ ਵੋਟ ਬੈਂਕ ਦੀ ਚਿੰਤਾ ਰਹਿੰਦੀ ਹੈ।

ਵਾਤਾਵਰਨ ਐਨਾ ਦੂਸ਼ਿਤ ਹੈ ਮਨੁੱਖ ਤਾ ਕੀ, ਜੀਵ-ਜੰਤੂ ਵੀ ਸਾਹ ਨਹੀਂ ਲੈ ਸਕਦੇ। ਪਾਣੀ ਦੂਸ਼ਿਤ, ਹਵਾ ਦੂਸ਼ਿਤ, ਵਾਯੂਮੰਡਲ ਦੂਸ਼ਿਤ। ਕਿਵੇਂ ਸਾਫ਼ ਹੋਵੇਗਾ ਸਾਡਾ ਆਲਾ- ਦੁਆਲਾ, ਕਿਵੇਂ ਤੰਦਰੁਸਤ ਹੋਵੇਗਾ ਸਾਡਾ ਸਮਾਜ, ਪਰਿਵਾਰ ਅਤੇ ਅਸੀਂ, ਆਣ ਵਾਲੀ ਨਸਲ ਬਿਮਾਰੀ ਗਰਭ ਵਿੱਚੋਂ ਲੈ ਕੇ ਆਵੇਗੀ। ਕਿਵੇਂ ਕਾਬੂ ਪਾਵਾਂਗੇ ਇਨ੍ਹਾਂ ਸਮੱਸਿਆਵਾਂ ਤੇ ? ਇਹ ਗੰਭੀਰ ਮਸਲੇ ਪੂਰੀ ਮਨੁੱਖਤਾ ਲਈ ਚੈਲਿਜ਼ ਹਨ। ਇਹ ਮਸਲੇ ਬਗੈਰ ਸੁਹਰਿਦ ਸੋਚ ਤੋਂ ਹੱਲ ਨਹੀਂ ਹੋ ਸਕਦੇ। ਇਹ ਮਸਲੇ ਅੱਜ ਦੁਖਾਂਤ ਬਣ ਚੁੱਕੇ ਹਨ।

ਦੋਸਤੋ ! ਆਓ ਅੱਜ ਭਵਿੱਖ ਤੇ ਚਿੰਤਨ ਕਰੀਏ। ਆਪਣੀਆਂ ਸੋਚਾਂ ਵਿੱਚ ਜਾਗਰੂਕਤਾ ਲਿਆਈਏ। ਸਿਆਣੇ ਕਹਿੰਦੇ ਹਨ,, ਜਦੋਂ ਕਿਸੇ ਨੂੰ ਅਹਿਸਾਸ ਹੋ ਜਾਵੇ, ਮੈਂ ਕੀ ਗਲਤੀਆਂ ਕਰਦਾ ਹਾਂ, ਉਹ ਮੁੜਕੇ ਕੁਰਾਹੇ ਨਹੀਂ ਪੈਂਦਾ ,, । ਨਿਰਸੰਦੇਹ ਜੀਵਨ-ਜਾਂਚ ਵਿੱਚ ਤਬਦੀਲੀ ਆਉਂਦੀ ਹੈ। ਜਦੋਂ ਤੱਕ ਸੋਚ ਚੇਤਨ ਨਹੀਂ ਹੋ ਜਾਂਦੀ, ਕੋਈ ਵੀ ਤਬਦੀਲੀ ਸੰਭਵ ਨਹੀਂ। ਸੋਚ ਦੀ ਸ਼ਕਤੀ ਨੇ ਮਸਤਕ ਵਿੱਚ ਗਿਆਨ ਦਾ ਦੀਵਾ ਬਾਲਣਾ ਹੈ।

ਆਓ ਅੱਜ ਸੋਚਾਂ ਵਿੱਚ ਤਰਕ ਦਾ ਦੀਵਾ ਬਾਲੀਏ । ਆਓ ਇੱਕ ਸਿਹਤਮੰਦ, ਨਰੋਈ ਦੁਨੀਆਂ ਦਾ ਨਿਰਮਾਣ ਕਰੀਏ, ਜਦੋਂ ਸਾਡੀ ਸੋਚ ਬਦਲ ਗਈ ਸਾਡਾ ਹਰ ਦਿਨ ਨਵੇਂ ਸਾਲ ਵਰਗਾ ਹੋਵੇਗਾ । ਚਾਰੇ ਪਾਸੇ ਖੁਸ਼ਹਾਲੀ ਤੇ ਤੰਦਰੁਸਤ ਜੀਵਨ ਮਹਿਕ ਉਠੇਗਾ । ਆਓ । ਦੋਸਤੋ ਅੱਜ ਸੋਚਾਂ ਦਾ ਨਿਰਮਾਣ ਕਰੀਏ ।

ਕਲ ਕਰੇ ਸੋ ਆਜ ਕਰ , ਆਜ ਕਰੇ ਸੋ ਅਬ
ਪਲ ਮੇਂ ਪਰਲੋਂ ਹੋਗੀ , ਫੇਰ ਕਰੇਗਾ ਕਬ ।।



**ਭਾਸ਼ਾਈ ਸਮਾਨਤਾ ਅਤੇ ਅਧਿਕਾਰਾਂ ਲਈ ਅੰਦੋਲਨ**

**ਡਾ. ਜੋਗਾ ਸਿੰਘ**

## ਭਾਸ਼ਾਈ ਅਧਿਕਾਰਾਂ ਲਈ ਚੇਨੱਈ ਐਲਾਨਨਾਮਾ

ਭਾਸ਼ਾ ਅਧਿਕਾਰ ਸੰਮੇਲਨ, 19-20 ਸਤੰਬਰ, 2015, ਚੇਨੱਈ ਭਾਸ਼ਾ ਅਧਿਕਾਰਾਂ ਦੇ ਵਰਤਮਾਨ ਚੇਨੱਈ ਐਲਾਨਨਾਮੇ, ਜਾਂ ਚੇਨੱਈ ਐਲਾਨਨਾਮੇ, 'ਤੇ ਦਸਤਖਤ ਕਰਨ ਵਾਲੇ ਸੰਗਠਨ ਅਤੇ ਵਿਅਕਤੀ।

20 ਸਤੰਬਰ 2015 ਨੂੰ ਚੇਨੱਈ ਵਿੱਚ ਮਿਲਦੇ ਹੋਏ,9 ਜੂਨ 1996 ਨੂੰ ਬਾਰਸੀਲੋਨਾ, ਸਪੇਨ ਵਿੱਚ ਜਾਰੀ 'ਭਾਸ਼ਾਈ ਅਧਿਕਾਰਾਂ ਦੇ ਸਰਬਵਿਆਪਕ ਐਲਾਨਨਾਮੇ', ਜੋ 1948 ਦੇ 'ਮਨੁੱਖੀ ਅਧਿਕਾਰਾਂ ਦੇ ਸਰਬਵਿਆਪਕ ਐਲਾਨਨਾਮੇ', 1966 ਦੇ 'ਨਾਗਰਿਕ ਅਤੇ ਰਾਜਨੀਤਕ ਅਧਿਕਾਰਾਂ ਦੇ ਸਮਾਗਮ', ਸੰਜੁਗਤ ਰਾਸ਼ਟਰ ਸੰਘ ਦੇ ਆਮ ਇਜਲਾਸ ਦੇ 1992 ਦੇ 'ਪ੍ਰਸਤਾਵ 47/135', ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਦੇ 1989 ਦੇ 'ਸਮਾਗਮ' ਅਤੇ ਹੋਰਾਂ ਸਮੇਤ ਵੱਖ-ਵੱਖ ਅੰਤਰਰਾਸ਼ਟਰੀ ਅਤੇ ਖੇਤਰੀ ਐਲਾਨਨਾਮਿਆਂ, ਕਨੂੰਨਾਂ, ਇਕਰਾਰਨਾਮਿਆਂ ਅਤੇ ਸਮਾਗਮਾਂ ਦਾ ਸਿੱਟਾ ਸੀ, ਨੂੰ ਵਿਚਾਰਦੇ ਹੋਏ, ਕਿਸੇ ਵਿਸ਼ੇਸ਼ ਭਾਸ਼ਾ ਦੇ ਕਿਸੇ ਹੋਰ ਭਾਸ਼ਾਂ ਉੱਤੇ ਥੋਪਣ ਜਾਂ ਵਿਤਕਰੇ ਭਰੇ ਸਮਰਥਨ ਨੂੰ ਰੋਕਣ ਬਾਰੇ ਅਤੇ ਭਾਸ਼ਾਈ ਅਧਿਕਾਰਾਂ ਬਾਰੇ ਭਾਰਤੀ ਸੰਘ ਵਿਚਲੇ ਵੱਖ-ਵੱਖ ਭਾਸ਼ਾਈ ਸਮੂਹਾਂ ਵੱਲੋਂ ਵੱਖ-ਵੱਖ ਪ੍ਰਸਤਾਵਾਂ ਅਤੇ ਮੰਗਾ ਨੂੰ ਵਿਚਾਰਦੇ ਹੋਏ, ਇਹ ਵਿਚਾਰਦੇ ਹੋਏ ਕਿ ਭਾਰਤੀ ਸੰਘ ਸਰਕਾਰ ਦੀਆਂ ਮੌਜੂਦਾ ਭਾਸ਼ਾਈ ਨੀਤੀਆਂ ਭਾਰਤੀ ਸੰਘ ਦੇ ਵੱਖ-ਵੱਖ ਸਮੂਹਾਂ ਵੱਲੋਂ ਬੋਲੀਆਂ ਜਾਂਦੀਆਂ ਭਾਸ਼ਾਵਾਂ ਦੀ ਹੋਂਦ ਅਤੇ ਵਿਕਾਸ ਲਈ ਨੁਕਸਾਨਦੇਹ ਹਨ। ਇਹ ਵਿਚਾਰਦੇ ਹੋਏ ਕਿ ਭਾਰਤੀ ਸੰਵਿਧਾਨ ਵਿਚਲੀਆਂ ਵਰਤਮਾਨ ਵਿਵਸਥਾਵਾਂ ਅਤੇ ਭਾਰਤੀ ਸੰਘ ਵਿਚਲੇ ਭਾਸ਼ਾਵਾਂ ਬਾਰੇ ਇਹਨਾਂ 'ਤੇ ਅਧਾਰਤ ਵਿਧਾਨ ਅਤੇ ਦਿਸ਼ਾ-ਨਿਰਦੇਸ਼ ਨਾ ਹੀ ਭਾਸ਼ਾਈ ਸਮਾਨਤਾ ਅਤੇ ਅਧਿਕਾਰਾਂ'ਤੇ ਅਤੇ ਨਾ ਹੀ ਵੱਖ-ਵੱਖ ਭਾਸ਼ਾਈ ਸਮੂਹਾਂ ਦੇ ਲੋਕਾਂ ਦੀਆਂ ਮੰਗਾਂ 'ਤੇ ਅਧਾਰਤ ਹਨ।

ਵੱਖ-ਵੱਖ ਸਰਬ ਭਾਰਤੀ ਰਾਜਨੀਤਕ ਦਲਾਂ ਅਤੇ ਸੰਗਠਨਾਂ, ਤਾਕਤ ਦੇ ਕੇਂਦਰਾਂ (ਸੰਚਾਰ ਤੰਤਰ ਅਤੇ ਸੂਬਾਈ ਸਰਕਾਰਾਂ ਸਮੇਤ) ਦੇ ਸਮਰਥਨ ਨਾਲ ਸੰਘ ਸਰਕਾਰ ਵੱਲੋਂ ਹਿੰਦੀ ਥੋਪਣ ਨੂੰ ਵਿਚਾਰਦੇ ਹੋਏ ਅਤੇ ਇਸ ਥੋਪਣ ਵਿਰੁੱਧ ਵੱਖ-ਵੱਖ ਭਾਸ਼ਾਈ ਸਮੂਹਾਂ ਵੱਲੋਂ ਇਤਿਹਾਸਕ ਮਹੱਤਾ ਵਾਲੇ ਪਰਭਾਵਸ਼ਾਲੀ ਅੰਦੋਲਨਾਂ ਨੂੰ ਵਿਚਾਰਦੇ ਹੋਏ।

ਇਹ ਵਿਚਾਰਦੇ ਹੋਏ ਕਿ ਵਿਕਾਸ ਦੇ ਬਹਾਨੇ ਅੰਗਰੇਜ਼ੀ 'ਤੇ ਵਾਧੂ ਜੋਰ ਦਿੱਤਾ ਜਾ ਰਿਹਾ ਹੈ। ਹਰ ਪਾਸੇ ਅੰਗਰੇਜ਼ੀ ਦਾ ਪਸਾਰਾ ਸਾਡੇ ਜੀਵਨ ਦੇ ਹਰ ਪੱਖ ਵਿੱਚ ਭਾਰੂ ਹੈ ਅਤੇ ਹਰ ਜਨਤਕ ਅਤੇ ਨਿੱਜੀ ਖੇਤਰ ਵਿੱਚੋਂ ਭਾਰਤੀ ਸੰਘ ਵਿਚਲੀਆਂ ਭਾਸ਼ਾਵਾਂ ਨੂੰ ਬਾਹਰ ਕੱਢੀ ਜਾ ਰਿਹਾ ਹੈ ਅਤੇ ਇੰਜ ਸਾਡੀਆਂ ਭਾਸ਼ਾਈ, ਸੱਭਿਆਚਾਰਕ ਅਤੇ ਆਰਥਕ ਸੀਮਾਵਾਂ ਨੂੰ ਸੰਗੋੜ ਰਿਹਾ ਹੈ।

ਇਹ ਵਿਚਾਰਦੇ ਹੋਏ ਕਿ ਭਾਰਤੀ ਸੰਵਿਧਾਨ ਦੀ 8ਵੀਂ ਸੂਚੀ ਵਿੱਚ ਦਰਜ ਭਾਸ਼ਾਵਾਂ ਦੀ ਪ੍ਰਤਿਨਿੱਧਤਾ ਕਰਨ ਵਾਲੇ ਲੋਕ ਆਪਣੀਆਂ ਭਾਸ਼ਾਵਾਂ ਨੂੰ ਭਾਰਤੀ ਸੰਘ ਸਰਕਾਰ ਦੀਆਂ ਸਰਕਾਰੀ ਭਾਸ਼ਾਵਾਂ ਬਣਾਉਨ ਦੀ ਮੰਗ ਕਰ ਰਹੇ ਹਨ। ਬਹੁਤ ਹੋਰ ਭਾਸ਼ਾਵਾਂ ਦੀ ਪ੍ਰਤਿਨਿੱਧਤਾ ਕਰਨ ਵਾਲੇ ਲੋਕ ਆਪਣੀਆਂ ਭਾਸ਼ਾਵਾਂ ਨੂੰ ਸਬੰਧਤ ਸੂਚੀ ਵਿੱਚ ਸ਼ਾਮਲ ਕਰਨ ਦੀ ਮੰਗ ਕਰ ਰਹੇ ਹਨ ਅਤੇ ਗਿਣਤੀ ਪੱਖੋਂ ਛੋਟੇ ਸੈਂਕੜੇ ਭਾਸ਼ਾਈ ਸਮੂਹ ਆਪਣੀਆਂ ਨਸਲੀ (ethnic) ਭਾਸ਼ਾਵਾਂ ਦੀ ਰਾਖੀ ਅਤੇ ਵਿਕਾਸ ਲਈ ਸੰਘਰਸ਼ਸ਼ੀਲ ਹਨ।

ਇਹ ਵਿਚਾਰਦੇ ਹੋਏ ਕਿ ਭਾਰਤੀ ਸੰਘ ਵਿਚਲੀਆਂ ਭਾਸ਼ਾਵਾਂ ਭਾਰਤੀ ਸੰਘ ਦੇ ਲੋਕਾਂ ਦੀ ਵੰਨ-ਸੁਵੰਨਤਾ ਦਾ ਪ੍ਰਗਟਾਵਾ ਹਨ ਅਤੇ ਇਹ ਭਾਸ਼ਾਵਾਂ ਸਬੰਧਤ ਭਾਸ਼ਾਈ ਸਮੂਹਾਂ ਦਾ ਇਤਿਹਾਸਕ, ਸਮਾਜਕ, ਸੱਭਿਆਚਾਰਕ ਅਤੇ ਭੂਗੋਲਿਕ ਤੌਰ 'ਤੇ ਅਨਿੱਖੜਵਾਂ ਅੰਗ ਹਨ।

ਇਹ ਵਿਚਾਰਦੇ ਹੋਏ ਕਿ ਭਾਰਤੀ ਸੰਘ ਦੀਆਂ ਭਾਸ਼ਾਵਾਂ ਉਹਨਾਂ ਪਰੰਪਰਕ ਗਿਆਨ ਪਰਣਾਲੀਆਂ ਦਾ ਖਜ਼ਾਨਾ ਹਨ ਜੋ ਆਪਣੇ ਵਿਸ਼ੇਸ਼ ਆਲੇ-ਦੁਆਲੇ ਅਤੇ ਤਜਰਬੇ ਦੇ ਅਧਾਰ 'ਤੇ ਸਦੀਆਂ ਵਿੱਚ ਵਿਕਸਤ ਹੋਈਆਂ ਹਨ ਅਤੇ ਇਹਨਾਂ ਨੂੰ ਗੁਆ ਦੇਣਾ ਆਪਣੇ ਵਿਰਸੇ, ਗਿਆਨ ਅਧਾਰ ਅਤੇ ਪਰੰਪਰਾਈ ਮੁਹਾਰਤ ਨੂੰ ਗੁਆ ਦੇਣਾ ਹੋਵੇਗਾ।

**ਇਸ ਰਾਹੀਂ ਐਲਾਨ ਕਰਦੇ ਹਾਂ ਕਿ**

ਭਾਰਤੀ ਸੰਘ ਦੀਆਂ ਸਾਰੀਆਂ ਭਾਸ਼ਾਵਾਂ ਸਮਾਨ ਹਨ ਅਤੇ ਇੱਕ ਲੋਕਸ਼ਾਹੀ ਪਿੜ ਵਿੱਚ ਹਰ ਭਾਸ਼ਾ ਸਮੂਹ ਨੂੰ ਹਰ ਸੰਭਵ ਸਾਧਨ ਅਤੇ ਤਰੀਕੇ ਨਾਲ ਆਪਣੀ ਭਾਸ਼ਾ ਦੀ ਰਾਖੀ, ਇਸ ਦੇ ਵਿਕਾਸ ਅਤੇ ਇਸ ਦੇ ਸ਼ਕਤੀਕਰਣ ਦਾ ਹੱਕ ਹੈ।

ਭਾਰਤੀ ਸੰਘ ਦੇ ਹਰ ਨਾਗਰਿਕ ਨੂੰ ਸਰਕਾਰ ਦੇ ਕਾਰਜਪਾਲਕਾ, ਨਿਆਂਪਾਲਕਾ ਅਤੇ ਵਿਧਾਨਪਾਲਕਾ ਅੰਗਾਂ ਨਾਲ ਆਪਣੇ ਹਰ ਅਦਾਨ-ਪ੍ਰਦਾਨ ਲਈ ਆਪਣੀ ਮਾਤ ਭਾਸ਼ਾ ਦੀ ਵਰਤੋਂ ਦਾ ਬੁਨਿਆਦੀ ਅਤੇ ਜਨਮਸਿੱਧ ਹੱਕ ਹੈ ਅਤੇ ਸਰਕਾਰ ਨਾਗਰਿਕ ਨਾਲ ਅਦਾਨ-ਪ੍ਰਦਾਨ ਅਤੇ ਸੰਚਾਰ ਲਈ ਨਾਗਰਿਕ ਦੀ ਮਾਤ ਭਾਸ਼ਾ ਦੀ ਵਰਤੋਂ ਕਰੇ। ਭਾਰਤੀ ਸੰਘ ਦੇ ਹਰ ਨਾਗਰਿਕ ਨੂੰ ਸਾਰੀ ਸਿੱਖਿਆ ਮਾਤ ਭਾਸ਼ਾ ਵਿੱਚ ਹਾਸਲ ਕਰਨ ਦਾ ਹੱਕ ਹੋਵੇ। ਭਾਰਤੀ ਸੰਘ ਦੇ ਹਰ ਨਾਗਰਿਕ ਨੂੰ ਕਾਰੋਬਾਰੀ ਅਤੇ ਜਨਤਕ ਸੇਵਾਵਾਂ ਆਪਣੀ ਮਾਤ ਭਾਸ਼ਾ ਵਿੱਚ ਹਾਸਲ ਕਰਨ ਦਾ ਹੱਕ ਹੋਵੇ।

ਭਾਰਤੀ ਸੰਘ ਵਿਚਲੇ ਭਾਸ਼ਾ ਸਮੂਹਾਂ ਦੀਆਂ ਸਿਫਾਰਸ਼ਾਂ ਅਤੇ ਮੰਗਾਂ ਦੇ ਅਧਾਰ ‘ਤੇ ਨਵੀਂ ਭਾਸ਼ਾ ਨੀਤੀ ਬਨਾਉਣ ਲਈ ਭਾਰਤੀ ਸੰਵਿਧਾਨ ਦੇ 17 ਭਾਗ ਅਤੇ ਹੋਰ ਸਬੰਧਤ ਵਿਵਸਥਾਵਾਂ ‘ਤੇ ਮੁੜ ਝਾਤ ਪਾਉਣ ਅਤੇ ਇਹਨਾਂ ਨੂੰ ਸੋਧਣ ਲਈ ਅਸੀਂ ਨਵਾਂ ਭਾਸ਼ਾ ਕਮਿਸ਼ਨ ਸਥਾਪਤ ਕਰਨ ਦਾ ਸੱਦਾ ਦੇਂਦੇ ਹਾਂ।

ਅਸੀਂ ਮੰਗ ਕਰਦੇ ਹਾਂ ਕਿ ਸੰਘ ਸਰਕਾਰ ਹੇਠਲੀਆਂ ਮੰਗਾਂ ‘ਤੇ ਗੌਰ ਕਰੇ ਤੇ ਇਹਨਾਂ ਨੂੰ ਤੁਰੰਤ ਮੰਨੇ:

ੳ. ਭਾਰਤੀ ਸੰਵਿਧਾਨ ਦੀ 8ਵੀਂ ਸੂਚੀ ਵਿੱਚ ਦਰਜ ਸਾਰੀਆਂ ਭਾਸ਼ਾਵਾਂ ਨੂੰ ਸੰਘ ਸਰਕਾਰ ਦੀਆਂ ਸਰਕਾਰੀ ਭਾਸ਼ਾਵਾਂ ਬਣਾਇਆ ਜਾਵੇ;

ਅ. ਜਿੰਨਾਂ ਭਾਸ਼ਾਵਾਂ ਲਈ ਉਹੁਨਾਂ ਦੇ ਭਾਸ਼ਾ ਸਮੂਹਾਂ ਨੇ ਮੰਗ ਕੀਤੀ ਹੈ ਅਤੇ ਇਹ ਸਾਲਾਂ ਤੋਂ ਸੰਘ ਸਰਕਾਰ ਕੋਲ ਹੈ ਉਹਨਾਂ ਭਾਸ਼ਾਵਾਂ ਨੂੰ ਸੰਵਿਧਾਨ ਦੀ 8ਵੀਂ ਸੂਚੀ ਵਿੱਚ ਦਰਜ ਕੀਤਾ ਜਾਵੇ;

ੲ. ਇੱਕ ਨਿਵੇਕਲੀ ਸਰਕਾਰੀ ਅਜੰਸੀ ਰਾਹੀਂ ਬੁਲਾਰਿਆਂ ਦੀ ਥੋੜ੍ਹੀ ਗਿਣਤੀ ਵਾਲੀਆਂ ਨਸਲੀ, ਸੁਦੇਸ਼ੀ ਅਤੇ ਹੋਰ ਭਾਸ਼ਾਵਾਂ ਨੂੰ ਤੁਰੰਤ ਸਹਾਰਾ ਦਿੱਤਾ ਜਾਵੇ ਅਤੇ ਇਹਨਾਂ ਨੂੰ ਲੁਪਤ ਹੋਣ ਤੋਂ ਅਤੇ ਦੂਜੀਆਂ ਭਾਸ਼ਾਵਾਂ ਵਿੱਚ ਸਮਾਅ ਜਾਣ ਤੋਂ ਬਚਾਇਆ ਜਾਵੇ।

ਅਸੀਂ ਮੰਗ ਕਰਦੇ ਹਾਂ ਕਿ ਸਾਰੀਆਂ ਸਰਕਾਰਾਂ ਇਹ ਪੱਕਾ ਕਰਨ ਕਿ ਮਾਤ ਭਾਸ਼ਾ ਵਿੱਚ ਸਿੱਖਿਆ ਦੇ ਹੱਕ ਦੀ ਕਿਸੇ ਪੱਧਰ ‘ਤੇ ਵੀ ਉਲੰਘਣਾ ਨਾ ਹੋਵੇ।

ਅਸੀਂ ਮੰਗ ਕਰਦੇ ਹਾਂ ਕਿ ਸੂਬਾ ਸਰਕਾਰਾਂ ਪਹਿਲਾਂ ਤੋਂ ਮੌਜੂਦ ਅਧਿਕਾਰਤ ਭਾਸ਼ਾ ਕਨੂੰਨਾਂ ਅਤੇ ਨੀਤੀਆਂ ਨੂੰ ਪੂਰੀ ਤਰ੍ਹਾਂ ਅਮਲ ਵਿੱਚ ਲਿਆਉਣ। ਜਿੰਨ੍ਹਾਂ ਸੂਬਿਆਂ ਨੇ ਅਜਿਹੀਆਂ ਨੀਤੀਆਂ ਨਹੀਂ ਬਣਾਈਆਂ ਉਹ ਅਜਿਹੀਆਂ ਨੀਤੀਆਂ ਬਨਾਉਣ।

ਇਹਨਾਂ ਮੰਗਾਂ ਦਾ ਐਲਾਨ ਕਰਦੇ ਹੋਏ, ਉਪਰੋਕਤ ਟੀਚੇ ਹਾਸਲ ਕਰਨ ਲਈ ਬਿੱਲ, ਜਿਸ ਨੂੰ ਅਸੀਂ ‘ਭਾਸ਼ਾ ਸਮਾਨਤਾ ਅਤੇ ਅਧਿਕਾਰ ਬਿੱਲ’ ਕਹਿ ਰਹੇ ਹਾਂ, ਸੰਸਦ ਵਿੱਚ ਲਿਆਉਣ ਅਤੇ ਪਰਵਾਨ ਕਰਨ ਲਈ ਅਸੀਂ ਸਭ ਰਾਜਨੀਤਕ ਦਲਾਂ, ਸੰਗਠਨਾਂ, ਨਾਗਰਿਕ ਸਮਾਜ ਸੰਗਠਨਾਂ (ਸਮੇਤ ਮਨੁੱਖੀ ਅਧਿਕਾਰ ਸੰਗਠਨਾਂ ਦੇ), ਸਿੱਖਿਆ ਅਤੇ ਸੱਭਿਆਚਾਰਕ ਇਕਾਈਆਂ ਅਤੇ ਸੰਚਾਰ ਤੰਤਰ ਚਾਲਕਾਂ ਤੋਂ ਹਮਾਇਤ ਦੀ ਮੰਗ ਕਰਦੇ ਹਾਂ। ਅਸੀਂ ਸੂਬਾ ਅਤੇ ਸਥਾਨਕ ਸਰਕਾਰਾਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਉਪਰਲੇ ਅਧਿਕਾਰਾਂ ਦੀ ਵਿਸ਼ੇਸ ਤੌਰ ‘ਤੇ ਮੰਗ ਕਰਨ ਲਈ ਅਤੇ ਭਾਸ਼ਾ ਅਧਿਕਾਰਾਂ, ਨੀਤੀਆਂ ਅਤੇ ਯੋਜਨਾਬੰਦੀ ਲਈ ਨਵੇਂ ਭਾਸ਼ਾ ਕਮਿਸ਼ਨ ਦੀ ਸਥਾਪਨਾ ਦੀ ਮੰਗ ਕਰਨ ਲਈ ਕਨੂੰਨੀ ਤੌਰ ‘ਤੇ ਸ਼ਕਤੀਸ਼ਾਲੀ ਪ੍ਰਸਤਾਵ ਪਾਸ ਕਰਨ।

**ਖਾਕੇ ਦੀ ਤਿਆਰੀ ਕਰਨ ਵਾਲੇ:** ਅਨੰਦ ਗ. ਕਰਨਾਟਕ (ਕੰਨੜ), ਦੀਪਕ ਪਵਾਰ, ਮਹਾਂਰਾਸ਼ਟਰ (ਮਰਾਠੀ), ਗਣੇਸ਼ ਚੇਤਨ, ਕਰਨਾਟਕ (ਕੰਨੜ), ਗੋਰਗੋ ਚੈਟਰਜੀ, ਪੱਛਮੀ ਬੰਗਾਲ (ਬੰਗਲਾ), ਜੋਗਾ ਸਿੰਘ ਵਿਰਕ, ਪੰਜਾਬ (ਪੰਜਾਬੀ), ਕੋਮੱਕਮਬੇਡੂ ਹਿਮਾਕਿਰਨ ਅਨੁਗੁਲਾ, ਤਮਿਲਨਾਡੂ (ਤਾਮਿਲ, ਤੇਲੁਗੂ), ਮਣੀ ਮ. ਮਣਿਵੱਣਣ, ਤਮਿਲਨਾਡੂ (ਤਾਮਿਲ), ਪ. ਪਵਿੱਥਰਨ, ਕੇਰਲਮ (ਮਲਿਆਲਮ), ਪਰੀਯੰਕ ਕ.ਸ., ਕਰਨਾਟਕ (ਕੰਨੜ), ਰਵੀਸ਼ੰਕਰ ਅਯੱਕੰਨੂ, ਤਮਿਲਨਾਡੂ (ਤਾਮਿਲ), ਸਾਕੇਤ ਸ਼ਰੀਬੂਸ਼ਨ ਸਾਹੂ, ਓਡੀਸ਼ਾ (ਕੋਸਾਲੀ), ਸ. ਸੇਨਦਿਲਨਾਦਨ (ਆਜ਼ੀ ਸ. ਸੇਨਦਿਲਨਾਦਨ), ਤਮਿਲਨਾਡੂ (ਤਾਮਿਲ), ਤਮਿਜ਼ਨੇਰੀਯਨ, ਤਮਿਲਨਾਡੂ (ਤਾਮਿਲ), ਵਸੰਤ ਸ਼ੈੱਟੀ, ਕਰਨਾਟਕ (ਕੰਨੜ), ਵਿਵੇਕ ਵ., ਕਰਨਾਟਕ (ਕੰਨੜ), ਉਮਾਕੰਦਨ, ਪ., ਕਰਨਾਟਕ (ਕੰਨੜ, ਤਾਮਿਲ)।



## ਚਮਕੌਰ ਦੀ ਲੜਾਈ ਦਾ ਸੱਚ

ਡਾ. ਹਰਜਿੰਦਰ ਸਿੰਘ ਦਿਲਗੀਰ

6-7 ਦਸੰਬਰ ਦੀ ਰਾਤ ਨੂੰ ਗੁਰੂ ਸਾਹਿਬ ਭਾਈ ਨਿਹੰਗ ਖ਼ਾਨ ਦੇ ਘਰ ਬਿਤਾਈ। ਪਹੁ-ਫੁੱਟਣ ਤੋਂ ਪਹਿਲਾਂ ਗੁਰੂ ਸਾਹਿਬ ਉਥੋਂ ਨਿਕਲ ਕੇ ਚਮਕੌਰ ਵੱਲ ਚਲ ਪਏ। ਗੁਰੂ ਸਾਹਿਬ ਨੂੰ ਮੁਸਲਿਮ ਇਲਾਕੇ ਵਿਚੋਂ ਲੰਘਾਉਣ ਅਤੇ ਚਮਕੌਰ ਦਾ ਰਸਤਾ ਦਿਖਾਉਣ ਵਾਸਤੇ ਨਿਹੰਗ ਖ਼ਾਨ ਦਾ ਬੇਟਾ ਆਲਮ ਖ਼ਾਨ ਗੁਰੂ ਸਾਹਿਬ ਨਾਲ ਬੂਰ ਮਾਜਰਾ ਤਕ ਗਿਆ। ਇਸ ਮਗਰੋਂ ਕੁਝ ਸਿੰਘ ਹੋਰ ਵੀ ਚਮਕੌਰ ਵਾਸਤੇ ਇਕੱਲੇ-ਇਕੱਲੇ ਚਲ ਪਏ। 7 ਤਾਰੀਖ਼ ਦੀ ਸਵੇਰ ਤੱਕ ਗੁਰੂ ਸਾਹਿਬ, ਦੋ ਵੱਡੇ ਸਾਹਿਬਜ਼ਾਦੇ ਅਤੇ 45 ਸਿੰਘ ਚਮਕੌਰ ਪਹੁੰਚ ਚੁੱਕੇ ਸਨ।

ਗੁਰੂ ਸਾਹਿਬ, ਦੋ ਸਾਹਿਬਜ਼ਾਦਿਆਂ ਅਤੇ 47 ਸਾਥੀ ਸਿੰਘਾਂ ਨੇ ਚਮਕੌਰ ਵਿਚ ਭਾਈ ਬਿਧੀ ਚੰਦ ਰਾਵਤ (ਇਕ ਸੋਮਾ ਹੋਰ ਨਾਂ ਲਿਖਦਾ ਹੈ) ਦੀ ਗੜ੍ਹੀ ਵਿਚ ਡੇਰਾ ਲਾ ਲਿਆ । ਦੋ ਰਾਤਾਂ ਦੇ ਉਨੀਂਦੇ ਅਤੇ ਲੰਬੇ ਪੈਦਲ ਸਫ਼ਰ ਦੀ ਵਜਹ ਕਰ ਕੇ ਇਹ ਸਾਰੇ ਦੇ ਸਾਰੇ ਸਿੰਘ ਥੱਕੇ ਹੋਏ ਸਨ । ਇਹ ਸਾਰੇ ਛੇਤੀ ਹੀ ਸੌਂ ਗਏ ।

ਗੁਰੂ ਸਾਹਿਬ ਦੇ ਚਮਕੌਰ ਪੁੱਜਣ ਦੀ ਖ਼ਬਰ ਕਿਸੇ ਨੇ ਰੋਪੜ ਥਾਣੇ ਵਿਚ ਪਹੁੰਚਾ ਦਿੱਤੀ। ਉਸ ਵੇਲੇ ਰੋਪੜ ਵਿਚ ਮਲੇਰਕੋਟਲੇ ਦੀਆਂ 700 ਫ਼ੌਜਾਂ ਨਵਾਬ ਸ਼ੇਰ ਮੁਹੰਮਦ ਖ਼ਾਨ ਦੇ ਛੋਟੇ ਭਰਾ ਨਾਹਰ ਖਾਂ ਦੀ ਅਗਵਾਈ ਵਿਚ ਅਨੰਦਪੁਰ ਸਾਹਿਬ 'ਤੇ ਹਮਲਾ ਕਰਨ ਵਿਚ ਹਿੱਸਾ ਪਾਉਣ ਵਾਸਤੇ ਵੀ ਪੁੱਜੀਆਂ ਹੋਈਆਂ ਸਨ ਤੇ ਉਹ ਵੀ ਇਕ ਦਮ ਚਮਕੌਰ ਵੱਲ ਰਵਾਨਾ ਹੋ ਗਈਆਂ। ਸ਼ਾਮ ਵੇਲੇ ਸਾਰੀਆਂ ਸ਼ਾਹੀ ਫ਼ੌਜਾਂ ਚਮਕੌਰ ਪੁੱਜ ਗਈਆਂ। ਫ਼ੌਜ ਦੇ ਆਉਣ ਬਾਰੇ ਗੁਰੂ ਸਾਹਿਬ ਨੂੰ ਪਹਿਲੋਂ ਹੀ ਪਤਾ ਲੱਗ ਚੁੱਕਾ ਸੀ । ਉਸ ਵੇਲੇ ਹਾਲਾਤ ਅਜਿਹੇ ਸਨ ਕਿ ਸਿੰਘਾਂ ਦਾ ਚਮਕੌਰ ਤੋਂ ਨਿਕਲ ਜਾਣਾ ਆਸਾਨ ਨਹੀਂ ਸੀ । ਇਸ ਕਰਕੇ ਗੁਰੂ ਸਾਹਿਬ ਨੇ ਤੁਰਕ ਫ਼ੌਜ ਦਾ ਟਾਕਰਾ ਉੱਥੇ ਹੀ ਕਰਨ ਦਾ ਫ਼ੈਸਲਾ ਕੀਤਾ । ਗੁਰੂ ਸਾਹਿਬ ਦੇ ਨਾਲ ਸਿਰਫ਼ 47 ਸਿੰਘ ਸਨ ਤੇ ਦੂਜੇ ਪਾਸੇ ਤੁਰਕ ਫ਼ੌਜ ਵੱਡੀ ਗਿਣਤੀ ਵਿਚ ਸੀ । ਕੁਝ ਲੇਖਕਾਂ ਨੇ ਇਸ ਫ਼ੌਜ ਦੀ ਗਿਣਤੀ 10 ਲੱਖ ਲਿਖੀ ਹੈ, ਜੋ ਨਾਮੁਮਕਿਨ ਸੀ । ਉਂਵ ਚਮਕੌਰ ਸਾਹਿਬ ਵਿਚ 10 ਲੱਖ ਬੰਦੇ ਆ ਵੀ ਜਾਣ ਤਾਂ ਸਵਾਲ ਪੈਦਾ ਹੋਵੇਗਾ ਕਿ ਉਹ ਕਿੰਨੇ ਲੰਬੇ ਚੌੜੇ ਮੈਦਾਨ ਵਿਚ ਖੜੇ ਹੋਣਗੇ ? ਦੂਜਾ, ਉਸ ਵੇਲੇ ਰੋਪੜ ਦੇ ਨਵਾਬ ਤੇ ਸਰਹੰਦ ਦੇ ਸੂਬੇਦਾਰ ਤਾਂ ਕੀ ਔਰੰਗਜ਼ੇਬ ਦੀ ਕੁਲ ਫ਼ੌਜ (ਮਨਸਬਦਾਰਾਂ ਅਤੇ ਮਾਮਲਾ ਦੇਣ ਵਾਲੇ ਰਾਜਿਆਂ ਦੀ ਫ਼ੌਜ ਸਣੇ) ਦੋ ਲੱਖ ਵੀ ਨਹੀਂ ਸੀ । ਅਜਿਹਾ ਜਾਪਦਾ ਹੈ ਕਿ ਬਚਿੱਤਰ ਨਾਟਕ ਵਿਚ ਲਫ਼ਜ਼ "ਦਸ ਲਾਖ" ਦਾ ਮਤਲਬ ਗਿਣਤੀ ਦੱਸਣਾ ਨਹੀਂ ਬਲਕਿ ਇਹ ਕਹਿਣਾ ਹੈ ਕਿ ਬਹੁਤ ਜ਼ਿਆਦਾ ਫ਼ੌਜ ਸੀ ।

ਸਿੱਖ ਭਾਵੇਂ ਗਿਣਤੀ ਵਿਚ 47 ਸਨ ਤੇ ਮੁਗ਼ਲ ਫ਼ੌਜ ਦੀ ਗਿਣਤੀ ਬਹੁਤ ਜ਼ਿਆਦਾ ਸੀ ਪਰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਚਮਕੌਰ ਦੀ ਗੜ੍ਹੀ ਦੀ ਵਿਉਂਤਬੰਦੀ ਬੜੇ ਸ਼ਾਨਦਾਰ ਤਰੀਕੇ ਨਾਲ ਕੀਤੀ । ਉਨ੍ਹਾਂ ਨੇ 8-8 ਸਿੰਘ ਗੜ੍ਹੀ ਦੀਆਂ ਦੀਵਾਰਾਂ ਨਾਲ ਖੜੇ ਕਰ ਦਿੱਤੇ । ਭਾਈ ਧਰਮ ਸਿੰਘ ਤੇ ਭਾਈ ਆਲਿਮ ਸਿੰਘ ਨੱਚਣਾ ਨੂੰ ਹੱਲਾ-ਸ਼ੇਰੀ ਦੇਣ ਅਤੇ ਖੜਕਾ-ਦੜਕਾ ਕਰਨ ਵਾਸਤੇ ਬੀਰ-ਰਸੀ ਬੋਲਾਂ ਦੀ ਸੇਵਾ ਬਖ਼ਸ਼ੀ ਗਈ । ਭਾਈ ਦਯਾ ਸਿੰਘ, ਮੋਹਕਮ ਸਿੰਘ, ਸਾਹਿਬ ਸਿੰਘ, ਹਿੰਮਤ ਸਿੰਘ ਤੋਂ ਇਲਾਵਾ ਦੋਵੇਂ ਸਾਹਿਬਜ਼ਾਦੇ ਗੁਰੂ ਸਾਹਿਬ ਦੀ ਢਾਲ ਬਣ ਕੇ ਹਾਜ਼ਿਰ ਰਹੇ । ਗੜ੍ਹੀ ਦੇ ਦਰਵਾਜ਼ੇ ਦੀ ਰਾਖੀ ਵਾਸਤੇ ਭਾਈ ਮਦਨ ਸਿੰਘ ਤੇ ਭਾਈ ਕਾਠਾ ਸਿੰਘ ਨੂੰ ਤਾਇਨਾਤ ਕੀਤਾ ਗਿਆ। ਉਨ੍ਹਾਂ ਦੇ ਪਿੱਛੇ ਭਾਈ ਸ਼ੇਰ ਸਿੰਘ ਤੇ ਭਾਈ ਨਾਹਰ ਸਿੰਘ ਖੜੇ ਹੋਏ ।

ਸ਼ਾਹੀ ਫ਼ੌਜ ਨੇ ਗੜ੍ਹੀ 'ਤੇ ਪੁੱਜਦਿਆਂ ਹੀ ਇਕ ਦਮ ਹਮਲਾ ਕਰ ਦਿੱਤਾ । ਹਜ਼ਾਰਾਂ ਸਿਪਾਹੀਆਂ ਦਾ ਹਮਲਾ ਰੋਕਣ ਵਾਸਤੇ ਸਿੰਘਾਂ ਨੇ ਇਕ ਦਮ ਤੀਰਾਂ ਦਾ ਮੀਂਹ ਵਰ੍ਹਾ ਦਿੱਤਾ । ਇਸ ਨਾਲ ਤੁਰਕ ਫ਼ੌਜ ਨੇ ਸਿੱਧਾ ਹਮਲਾ ਕਰਨਾ ਬੰਦ ਕਰ ਦਿੱਤਾ । ਕੁਝ ਚਿਰ ਰੁਕਣ ਮਗਰੋਂ ਰੋਪੜ ਦੀ ਫ਼ੌਜ ਦਾ ਮੁਖੀ ਨਾਹਰ ਖਾਂ ਤੀਰ ਕਮਾਨ ਫੜ ਕੇ ਅੱਗੇ ਵਧਿਆ । ਉਹ ਮੰਨਿਆ ਹੋਇਆ ਯੋਧਾ ਸੀ ਤੇ ਉਸ ਨੇ ਯਕੀਨਨ ਦੋ ਚਾਰ ਸਿੱਖ ਆਪਣੇ ਤੀਰਾਂ ਨਾਲ ਹੀ ਸ਼ਹੀਦ ਕਰ ਦੇਣੇ ਸਨ । ਇਸ ਗੱਲ ਨੂੰ ਭਾਂਪਦੇ ਹੋਏ ਗੁਰੂ ਸਾਹਿਬ ਨੇ ਇਕ ਤੀਰ ਸਿੱਧਾ ਨਾਹਰ ਖਾਂ ਵੱਲ ਚਲਾਇਆ । ਗੁਰੂ ਜੀ ਦੇ ਤੀਰ ਨਾਲ ਨਾਹਰ ਖਾਂ ਥਾਇਂ ਹੀ ਢੇਰੀ ਹੋ ਗਿਆ । ਨਾਹਰ ਖਾਂ ਦੇ ਮਰਨ ਨਾਲ ਤੁਰਕ ਫ਼ੌਜ ਦੇ ਹੌਸਲੇ ਟੁੱਟ ਗਏ ਤੇ ਉਹ ਪਿੱਛੇ ਹਟ ਗਈ । ਪਰ ਉਨ੍ਹਾਂ ਵਿਚੋਂ ਇਕ ਪਠਾਣ ਉਥੋਂ ਨਾ ਹਿਲਿਆ । ਉਸ ਜੋਸ਼ੀਲੇ ਪਠਾਣ ਨੇ ਵਾਰ-ਵਾਰ ਅੱਗੇ ਵਧ ਕੇ ਗੜ੍ਹੀ 'ਤੇ ਹਮਲਾ ਕੀਤਾ । ਉਸ ਉੱਤੇ ਚਲਾਏ ਕੁਝ ਤੀਰ ਬੇਅਸਰ ਰਹੇ ਤੇ ਉਹ ਗੜ੍ਹੀ ਦੇ ਦਰਵਾਜ਼ੇ ਤੱਕ ਪੁੱਜ ਗਿਆ । ਦਰਵਾਜ਼ੇ 'ਤੇ ਭਾਈ ਮਦਨ ਸਿੰਘ ਤੇ ਭਾਈ ਕਾਠਾ ਸਿੰਘ ਖੜੇ ਸਨ । ਉਨ੍ਹਾਂ ਦੋਹਾਂ ਨੇ ਉਸ ਪਠਾਣ 'ਤੇ ਕਈ ਵਾਰ ਹਮਲੇ ਕੀਤੇ ਪਰ, ਉਹ ਪਠਾਣ ਵੀ ਕੋਈ ਮੰਨਿਆ ਯੋਧਾ ਸੀ । ਉਸ ਨੇ ਕਈ ਵਾਰ ਬਚਾਏ ਤੇ ਉਲਟਾ ਕਈ ਪਰਤਵੇਂ ਵਾਰ ਉਨ੍ਹਾਂ ਦੋਹਾਂ 'ਤੇ ਕੀਤੇ । ਇਸ ਹੱਥੋ-ਹੱਥ ਲੜਾਈ ਵਿਚ ਉਹ ਪਠਾਣ ਵੀ ਮਾਰਿਆ ਗਿਆ ਅਤੇ ਭਾਈ ਮਦਨ ਸਿੰਘ ਤੇ ਭਾਈ ਕਾਠਾ ਸਿੰਘ ਵੀ ਸ਼ਹੀਦ ਹੋ ਗਏ । ਇਹ ਦੋਵੇਂ ਚਮਕੌਰ ਦੀ ਗੜ੍ਹੀ ਦੇ ਪਹਿਲੇ ਸ਼ਹੀਦ ਸਨ। ਚਮਕੌਰ ਵਿਚ ਸ਼ਹੀਦ ਹੋਣ ਵਾਲੇ 40 ਸਿੰਘ ਇਹ ਸਨ: 1.ਭਾਈ ਹਿੰਮਤ ਸਿੰਘ 2. ਭਾਈ ਮੋਹਕਮ ਸਿੰਘ 3. ਭਾਈ ਸਾਹਿਬ ਸਿੰਘ (ਤਿੰਨ ਪਿਆਰੇ) 4. ਭਾਈ ਦੇਵਾ ਸਿੰਘ 5. ਭਾਈ ਰਾਮ ਸਿੰਘ 6. ਭਾਈ ਟਹਿਲ ਸਿੰਘ 7. ਭਾਈ ਈਸ਼ਰ ਸਿੰਘ 8. ਭਾਈ ਫ਼ਤਹਿ ਸਿੰਘ (ਪੰਜ ਮੁਕਤੇ) 9. ਭਾਈ ਅਨਕ ਸਿੰਘ 10. ਭਾਈ ਅਜਬ ਸਿੰਘ 11. ਭਾਈ ਅਜਾਇਬ ਸਿੰਘ (ਭਾਈ ਮਨੀ ਸਿੰਘ ਦੇ ਤਿੰਨ ਪੁੱਤਰ) । 12. ਭਾਈ ਦਾਨ ਸਿੰਘ (ਭਾਈ ਮਨੀ ਸਿੰਘ ਦਾ ਭਰਾ) । 13. ਭਾਈ ਆਲਿਮ ਸਿੰਘ ਨੱਚਣਾ । 14. ਭਾਈ ਵੀਰ ਸਿੰਘ (ਉਸ ਦਾ ਭਰਾ) 15. ਭਾਈ ਮੋਹਰ ਸਿੰਘ 16. ਭਾਈ ਅਮੋਲਕ ਸਿੰਘ (ਭਾਈ ਆਲਿਮ ਸਿੰਘ ਨੱਚਣਾ ਦੇ ਦੋ ਪੁੱਤਰ) । 17. ਭਾਈ ਮਦਨ ਸਿੰਘ 18. ਭਾਈ ਕਾਠਾ ਸਿੰਘ 19. ਭਾਈ ਨਾਹਰ ਸਿੰਘ 20. ਭਾਈ ਸ਼ੇਰ ਸਿੰਘ 21. ਭਾਈ ਕਿਰਪਾ ਸਿੰਘ ਦੱਤ ਤੇ ਉਸ ਦਾ ਭਰਾ 22. ਭਾਈ ਸਨਮੁਖ ਸਿੰਘ 23. ਭਾਈ ਨਾਨੂੰ ਸਿੰਘ ਦਿਲਵਾਲੀ 24. ਭਾਈ ਬਖਸ਼ਿਸ਼ ਸਿੰਘ 25. ਭਾਈ ਗੁਰਬਖਸ਼ੀਸ਼ ਸਿੰਘ 26. ਭਾਈ ਮੁਕੰਦ ਸਿੰਘ 27. ਭਾਈ ਮੁਕੰਦ ਸਿੰਘ (ਦੂਜਾ) 28. ਭਾਈ ਖ਼ਜ਼ਾਨ ਸਿੰਘ 29. ਭਾਈ ਲਾਲ ਸਿੰਘ 30. ਭਾਈ ਜਵਾਹਰ ਸਿੰਘ 31. ਭਾਈ ਕੀਰਤ ਸਿੰਘ 32. ਭਾਈ ਸ਼ਾਮ ਸਿੰਘ 33. ਭਾਈ ਹੁਕਮ ਸਿੰਘ 34. ਭਾਈ ਕੇਸਰਾ ਸਿੰਘ 35. ਭਾਈ ਧੰਨਾ

ਸਿੰਘ 36. ਭਾਈ ਸੁੱਖਾ ਸਿੰਘ 37. ਭਾਈ ਬੁੱਢਾ ਸਿੰਘ 38. ਭਾਈ ਅਨੰਦ ਸਿੰਘ 39. ਭਾਈ ਸੰਤ ਸਿੰਘ ਬੰਗੇਸ਼ਰੀ 40. ਭਾਈ ਸੰਗਤ ਸਿੰਘ ਅਰੋੜਾ (ਆਖ਼ਰੀ ਦੋਵੇਂ 8 ਦਸੰਬਰ ਦੀ ਸਵੇਰ ਨੂੰ ਸ਼ਹੀਦ ਹੋਏ ਸਨ)। ਰਾਤ ਨੂੰ ਨਬੀ ਖ਼ਾਨ ਅਤੇ ਗ਼ਨੀ ਖ਼ਾਨ ਗੁਰੂ ਸਾਹਿਬ ਨੂੰ ਉੱਥੋਂ ਕੱਢ ਕੇ ਲੈ ਗਏ। ਚਮਕੌਰ ਤੋਂ ਗੁਰੂ ਸਾਹਿਬ ਮਾਛੀਵਾੜਾ ਪੁੱਜੇ। ਕੁਝ ਲੇਖਕਾਂ ਨੇ ਚਮਕੌਰ ਦੇ ਚਾਲ੍ਹੀ ਮੁਕਤਿਆਂ ਵਿਚ ਹੋਰ ਨਾਂ ਦਿੱਤੇ ਹਨ । ਇਨ੍ਹਾਂ ਵਿਚ ਭਾਈ ਸੰਤੋਖ ਸਿੰਘ, ਗਿਆਨੀ ਗਿਆਨ ਸਿੰਘ, ਭਾਈ ਸੁਮੇਰ ਸਿੰਘ ਤੇ ਭਾਈ ਕਾਨ੍ਹ ਸਿੰਘ ਨਾਭਾ ਹਨ । ਪਰ ਭੱਟ ਵਹੀਆਂ ਦੇ ਸਬੂਤਾਂ ਨੂੰ ਸਾਹਮਣੇ ਰੱਖਿਆ ਇਹ ਸੂਚੀਆਂ ਸਹੀ ਸਾਬਿਤ ਨਹੀਂ ਹੁੰਦੀਆਂ ।

7 ਤੇ 8 ਦਸੰਬਰ 1705 ਦੀ ਰਾਤ ਤੱਕ ਚਮਕੌਰ ਦੀ ਗੜ੍ਹੀ ਵਿਚ ਹਾਜ਼ਿਰ 45 ਸਿੰਘਾਂ ਤੇ ਦੋ ਸਾਹਿਬਜ਼ਾਦਿਆਂ ਵਿਚੋਂ ਦੋਵੇਂ ਵੱਡੇ ਸਾਹਿਬਜ਼ਾਦੇ ਅਤੇ (ਤਿੰਨ ਪਿਆਰਿਆਂ, ਭਾਈ ਹਿੰਮਤ ਸਿੰਘ, ਭਾਈ ਸਾਹਿਬ ਸਿੰਘ, ਭਾਈ ਮੋਹਕਮ ਸਿੰਘ ਸਮੇਤ) 38 ਸਿੰਘ ਸ਼ਹੀਦ ਹੋ ਚੁਕੇ ਸਨ; ਤੇ ਸਿਰਫ਼ ਸੱਤ ਸਿੱਖ ਹੀ ਬਚੇ ਸਨ: ਭਾਈ ਦਯਾ ਸਿੰਘ, ਭਾਈ ਧਰਮ ਸਿੰਘ, ਭਾਈ ਦਯਾ ਸਿੰਘ ਪੁਰੋਹਤ, ਭਾਈ ਮਾਨ ਸਿੰਘ ਨਿਸ਼ਾਨਚੀ, ਭਾਈ ਰਾਮ ਸਿੰਘ (ਪੁੱਤਰ ਭਾਈ ਬਚਿਤਰ ਸਿੰਘ ਤੇ ਪੋਤਾ ਭਾਈ ਮਨੀ ਸਿੰਘ), ਭਾਈ ਸੰਤ ਸਿੰਘ ਬੰਗੇਸ਼ਰੀ ਤੇ ਭਾਈ ਸੰਗਤ ਸਿੰਘ ਛਾਬੜਾ।ਰਾਤ ਨੂੰ ਨਬੀ ਖ਼ਾਨ ਅਤੇ ਗ਼ਨੀ ਖ਼ਾਨ ਗੁਰੂ ਸਾਹਿਬ ਨੂੰ ਉੱਥੋਂ ਕੱਢ ਕੇ ਲੈ ਗਏ। ਚਮਕੌਰ ਤੋਂ ਗੁਰੂ ਸਾਹਿਬ ਮਾਛੀਵਾੜਾ ਗਏ ਸਨ।

ਇਸ ਘੇਰੇ, ਲੜਾਈ ਅਤੇ ਸ਼ਹੀਦੀਆਂ ਦੀ ਖ਼ਬਰ ਕੋਟ ਪਠਾਣਾਂ (ਕੋਟਲਾ ਨਿਹੰਗ ਖ਼ਾਨ) ਦੇ ਭਾਈ ਨਿਹੰਗ ਖਾਨ ਦੀ ਭੈਣ ਬੀਬੀ ਉਮਰੀ ਦੇ ਘਰਾਂ ਤੱਕ ਪਹੁੰਚ ਚੁੱਕੀ ਸੀ। ਬੀਬੀ ਉਮਰੀ ਦੇ ਪੁੱਤਰ ਭਾਈ ਨਬੀ ਖਾਨ ਤੇ ਗ਼ਨੀ ਖਾਨ ਦੋਵੇਂ ਭਰਾ ਰੋਪੜ ਦੇ ਨਵਾਬ ਮਲੇਰੀਏ ਪਠਾਣ ਦੀ ਫ਼ੌਜ ਦੇ ਸਿਪਾਹੀ ਸਨ। ਇਹ ਦੋਵੇਂ ਭਰਾ ਮਾਛੀਵਾੜੇ ਦੇ ਰਹਿਣ ਵਾਲੇ ਸਨ। ਉਨ੍ਹਾਂ ਨੇ ਅੱਧੀ ਰਾਤ ਵੇਲੇ ਗੜ੍ਹੀ ਦੇ ਇਕ ਪਾਸੇ ਤੋਂ ਗੁਰੂ ਸਾਹਿਬ ਨੂੰ ਫ਼ੌਜੀ ਵਰਦੀ ਪਹੁੰਚਾਈ ਜਿਸ ਨੂੰ ਪਹਿਣ ਕੇ ਗੁਰੂ ਸਾਹਿਬ ਉੱਥੋਂ ਨਿਕਲੇ ਅਤੇ ਮਾਛੀਵਾੜਾ ਨੂੰ ਚਲ ਪਏ। ਬਾਕੀ ਦੇ ਪੰਜ ਸਿੱਖ ਇਕ-ਇਕ ਕਰ ਕੇ ਗੜ੍ਹੀ ਦੇ ਪਿਛਲੇ ਪਾਸੇ ਤੋਂ ਉਤਰ ਕੇ ਨਿਕਲ ਪਏ।ਪਿੱਛੇ ਸਿਰਫ਼ ਦੋ ਸਿੱਖ, ਸੰਤ ਸਿੰਘ ਅਰੋੜਾ ਤੇ ਸੰਗਤ ਸਿੰਘ ਬੰਗੇਸ਼ਰੀ ਹੀ ਰਹਿ ਗਏ। ਇਹ ਸੰਗਤ ਸਿੰਘ ਛਾਬੜਾ, ਅਰੋੜਾ ਸਿੱਖ ਸੀ, ਨਾ ਕਿ ਦਲਿਤ, ਜਿਹਾ ਕਿ ਪਿੱਛੇ ਜਿਹੇ ਕਿਸੇ ਲਿਖਾਰੀ ਨੇ ਗ਼ਲਤ ਲਿਖ ਦਿਤਾ ਹੈ)। ਇਹ ਦੋਵੇਂ 8 ਦਸੰਬਰ 1705 ਦੀ ਸਵੇਰ ਨੂੰ ਸ਼ਹੀਦਹੋਏ ਸਨ।

ਦੂਜਾ ਗੁਰੂ ਜੀ ਵੱਲੋਂਸੰਗਤ ਸਿੰਘ ਨੂੰ ਕਲਗੀ ਦੇਣ ਵਾਲੀ ਗੱਲ ਨਿਰੀ ਗੱਪ ਹੈ। ਗੁਰੂ ਜੀ ਨੇ ਕਿਸੇ ਨੂੰ ਗੁਰਗੱਦੀ ਨਹੀਂ ਸੀ ਦਿੱਤੀ, ਜੋ ਕੁਝ ਲੋਕ ਕਲਗੀ ਨੂੰ ਗੁਰਗੱਦੀ ਦਾ ਪ੍ਰਤੀਕ ਮੰਨਣਾ ਚਾਹੁੰਦੇ ਹਨ।

ਤੀਜਾ, ਇਕ ਨਵਾਂ ਪਰਚਾਰ ਇਹ ਵੀ ਚਲ ਪਿਆ ਹੈ ਕਿ ਭਾਈ ਜੀਵਨ ਸਿੰਘ (ਜੈਤਾ) ਚਮਕੌਰ ਵਿਚ ਸ਼ਹੀਦ ਹੋਏ ਸਨ; ਜਦ ਕਿ ਉਹ 6 ਦਸੰਬਰ ਦੀ ਸਵੇਰ ਨੂੰਸਰਸਾ ਨਦੀ ਦੇ ਕੰਢੇ ਦੇ ਨੇੜੇ ਦੇ ਪਿੰਡ ਝੱਖੀਆਂ ਵਿਚ ਸ਼ਹੀਦ ਹੋ ਚੁਕੇ ਸਨ।



**"ਵਿਵੇਕ ਸ਼ੋਕ" ਪੰਜਾਬੀ ਕਾਮੇਡੀ ਦੀ ਵਿਲੱਖਣ ਸ਼ਖਸ਼ੀਅਤ**

**ਸੰਦੀਪ ਰਾਣਾ**

+91 97801 51700

ਹੱਸਣਾ ਤੇ ਹਸਾਉਣਾ ਜੀਵਨ ਦੇ ਸਿਹਤਮੰਦ ਹੋਣ ਦੇ ਨਾਲ-ਨਾਲ ਰੂਹ ਨੂੰ ਇੱਕ ਵੱਖਰਾ ਸਕੂਨ ਦੇਣ ਦੀ ਵੀ ਕਲਾਂ ਹੈ।ਪ੍ਰੰਤੂ ਅੱਜ ਅਸੀਂ ਆਪਣੇ ਰੁਝੇਵਿਆਂ ਭਰੀ ਜਿੰਦਗੀ ਵਿੱਚ ਇੰਨੇ ਗੁੰਮ ਹੋ ਚੁੱਕੇ ਹਾਂ ਕਿ ਆਪ ਤਾਂ ਕੀ ਹੱਸਣਾ ਸੀ ਦੂਜਿਆ ਦੇ ਹਾਸੇ ਖੋਹਣ ਤੇ ਦਿਨ ਰਾਤ ਲੱਗੇ ਹਾਂ।ਅੱਜ ਦੇ ਸਮੇਂ ਵਿੱਚ ਹੱਸਣਾ ਸਾਡੀ ਜਿੰਦਗੀ ਵਿੱਚੋਂ ਬਿਲਕੁੱਲ ਗੁੰਮ ਹੋ ਚੁੱਕਾ ਹੈ, ਹਾਸਿਆ ਦੀ ਜਗ੍ਹਾਂ ਸਿਰਫ ਬੁੱਲਾ ਵਿੱਚ ਮੁਸਕਰਾਉਣਾਂ ਹੀ ਰਹਿ ਗਿਆ ਹੈ, ਉਹ ਮੁਸਕਰਾਹਟ ਵੀ ਨਕਲੀ।ਪ੍ਰੰਤੂ ਕੁੱਝ ਕੁ ਲੋਕ ਦੁਨੀਆ ਵਿੱਚ ਅਜਿਹੇ ਹੁੰਦੇ ਹਨ ਜਿਨ੍ਹਾਂ ਦੇ ਜੀਵਨ ਦਾ ਮਕਸਦ ਹੀ ਦੁਸਰਿਆਂ ਨੂੰ ਖੁਸ਼ੀ ਦੇਣਾ ਅਤੇ ਹੱਸਾਉਣਾ ਹੁੰਦਾ ਹੈ।ਅਜਿਹੇ ਹੀ ਇੱਕ ਫਨਕਾਰ ਅਦਾਕਾਰ ਵਿਵੇਕ ਸ਼ੋਕ ਨੂੰ ਅਸੀਂ ਅੱਜ ਯਾਦ ਕਰ ਰਹੇਂ ਹਾਂ।ਜਿਸ ਨੇ ਪੂਰੀ ਉਮਰ ਪੰਜਾਬੀਅਤ ਦੀ ਸੇਵਾ ਕਰਦੇ ਹੋਏ ਆਪਣੀ ਇੱਕ ਵੱਖਰੀ ਪਹਿਚਾਨ ਬਣਾਈ।ਵਿਵੇਕ ਸ਼ੋਕ ਇੱਕ ਅਜਿਹਾ ਅਦਾਕਾਰ ਸੀ ਜਿਸ ਨੇ ਪੂਰੀ ਦੁਨੀਆਂ ਨੂੰ ਹਸਾਇਆ ਅਤੇ ਪੰਜਾਬੀ ਫਿਲਮ ਇੰਡਸਟਰੀ ਤੋਂ ਇਲਾਵਾਂ ਬਾਲੀਵੁੱਡ ਵਿੱਚ ਵੀ ਆਪਣੀ ਅਦਾਕਾਰੀ ਦਾ ਲੋਹਾ ਮਨਵਾਇਆ।ਵਿਵੇਕ ਸ਼ੋਕ ਦਾ ਜਨਮ ਪਿਤਾ ਸ੍ਵ.ਧਰਮ ਸਿੰਘ 'ਸ਼ੋਕ' ਅਤੇ ਮਾਤਾ ਪਦਮਾ ਦੀ ਕੁੱਖੋ 21 ਜੂਨ 1963 ਨੂੰ ਪੰਜਾਬ ਅਤੇ ਹਰਿਆਣੇ ਦੀ ਰਾਜਧਾਨੀ ਚੰਡੀਗੜ੍ਹ ਵਿੱਚ ਹੋਇਆ।ਵਿਵੇਕ ਸ਼ੋਕ ਨੇ ਜਨਮ ਤੋਂ ਲੈ ਕੇ ਕਾਫੀ ਸਮਾਂ ਚੰਡੀਗੜ੍ਹ ਵਿੱਚ ਬਿਤਾਇਆ ਅਤੇ ਪੜਾਈ ਵੀ ਚੰਡੀਗੜ੍ਹ ਵਿੱਚ ਹੀ ਕੀਤੀ।



ਵਿਵੇਕ ਸ਼ੋਕ ਦੀ ਪੁਰਾਣੀ ਤਸਵੀਰ

ਵਿਵੇਕ ਸ਼ੋਕ ਫਿਲਮੀ ਦੁਨੀਆਂ ਵਿੱਚ ਮਹਰੂਮ ਜਸਪਾਲ ਭੱਟੀ ਦੀ ਪ੍ਰੇਰਨਾ ਸਦਕਾ ਆਇਆ ਸੀ, ਅਤੇ ਦੋਨਾ ਦੇ ਆਪਣਾ ਫਿਲਮੀ ਸਫਰ

ਇੱਕਠੇ ਹੀ ਦੂਰਦਸ਼ਨ ਜਲੰਧਰ ਦੇ ਲੜੀਵਾਰ ਸੀਰੀਅਲ ਉਲਟਾ-ਪੁਲਟਾ ਤੋਂ ਸ਼ੁਰੂ ਕੀਤਾ ਅਤੇ ਇਸੇ ਉਲਟਾ ਪੁਲਟਾ ਨਾਲ ਇੱਕ ਵੱਖਰੀ ਪਹਿਚਾਨ ਬਣਾਈ।ਇਸ ਤੋਂ ਬਾਅਦ ਮਹਰੂਮ ਜਸਪਾਲ ਭੱਟੀ ਦੇ ਨਾਲ ਲੜੀਵਾਰ ਫਲਾਪ ਸ਼ੋਅ ਨੇ ਵਿਵੇਕ ਨੂੰ ਹੋਰ ਵੀ ਉਚਾਈਆਂ ਤੇ ਪਹੁੰਚਾ ਦਿਤਾ।ਇਸ ਤੋਂ ਬਆਦ ਵਿਵੇਕ ਸ਼ੋਕ ਇਕ ਕਮੇਡੀਅਨ ਦੇ ਰੂਪ ਵਿੱਚ ਫਿਲਮੀ ਦੂਨੀਆ ਦਾ ਜਾਣਿਆ ਪਹਿਚਾਣਿਆ ਚੇਹਰਾ ਬਣ ਗਿਆ।ਫਿਰ ਮਹਰੂਮ ਜਸਪਾਲ ਭੱਟੀ ਦੇ ਨਾਲ ਵਿਵੇਕ ਸ਼ੋਕ ਦੀ ਪਹਿਲੀ ਪੰਜਾਬੀ ਫਿਲਮ 'ਮਾਹੌਲ ਠੀਕ ਹੈ' ਰਲੀਜ ਹੋਈ।ਇਸ ਫਿਲਮ ਨੇ ਵੀ ਆਪਣੇ ਸਮੇਂ ਵਿੱਚ ਕਾਫੀ ਵਾਹ-ਵਾਹ ਖੱਟੀ।ਵਿਵੇਕ ਸ਼ੌਕ ਦੇ ਅਲਫਾ ਟੀ.ਵੀ ਪੰਜਾਬੀ(ਅੱਜ ਕੱਲ ਜੀ ਪੰਜਾਬੀ) ਚੈਨਲ ਤੇ ਪਟਾਕੇ ਠਾ ਪ੍ਰੋਗਰਾਮ ਨੂੰ ਵੀ ਲੋਕਾ ਨੇ ਬਹੁਤ ਪਸੰਦ ਕੀਤਾ।ਸਾਲ 1998 ਵਿੱਚ ਵਿਵੇਕ ਸ਼ੋਕ ਨੇ ਹਿੰਦੀ ਫਿਲਮ 'ਬਰਸਾਤ ਕੀ ਰਾਤ' ਰਾਂਹੀਂ ਆਪਣੀ ਐਂਟਰੀ ਬਾਲੀਵੁੱਡ ਵਿੱਚ ਕੀਤੀ,ਪ੍ਰੰਤੂ ਸਾਲ 2011 ਵਿੱਚ ਬਣੀ ਹਿੰਦੀ ਫਿਲਮ ਗਦਰ ਏਕ ਪ੍ਰੇਮ ਕਥਾ ਵਿੱਚ ਸੰਨੀ ਦਿਓਲ ਨਾਲ ਕੀਤੇ ਦਰਮਿਆਨੇ ਦੇ ਰੋਲ ਨੇ ਵਿਵੇਕ ਸ਼ੋਕ ਨੂੰ ਬਹੁਤ ਉਚਾਇਆ ਤੇ ਭੇਜ ਦਿਤਾ, ਗਦਰ ਫਿਲਮ ਵਿੱਚ ਵਿਵੇਕ ਸ਼ੋਕ ਵੱਲੋਂ ਨਿਭਾਇਆ ਦਰਿਮਾਨੇ ਦੇ ਰੋਲ ਨੂੰ ਲੋਕਾ ਨੇ ਬਹੁਤ ਪਾਸੰਦ ਕੀਤਾ।ਇਸ ਤੋਂ ਇਲਾਵਾ ਵਿਵੇਕ ਸ਼ੋਕ ਨੇ ਦਿੱਲੀ ਹਾਈਲਾਈਟ, ਇਤਰਾਜ, ਜਿੰਦਾਦਿਲ, ਹੋਤਾ ਹੈ ਦਿਲ ਪਿਆਰ ਮੇ ਪਾਗਲ, ਹਮਕੋ ਤੁੰਮ ਸੇ ਪਿਆਰ ਹੈ, ਬਰਸਾਤ, ਜੰਮੀਰ, ਅਬ ਤੁਮਾਹਰੇ ਹਵਾਲੇ ਵਤਨ ਸਾਥੀਓ, ਕੁੱਛ ਤੋਂ ਗੜਬੜ ਹੈ, ਹਵਸ, ਅੰਦਾਜ, ਕੋਈ ਮਿਲ ਗਿਆ ਹਿੰਦੀ ਫਿਲਮਾ ਵਿੱਚ ਆਪਣੀ ਅਦਾਕਾਰੀ ਨਾਲ ਆਪਣੇ ਸਰੋਤਿਆ ਦੇ ਖੁਬ ਢਿੱਡੀ ਪੀੜਾ ਪਾਈਆਂ ਅਤੇ ਇਸ ਤੋਂ ਇਲਾਵਾ ਪੰਜਾਬੀ ਫਿਲਮਾ ਵਿੱਚ ਮਿੰਨੀ ਪੰਜਾਬ, ਚੱਕ ਦੇ ਫੱਟੇ , ਅੱਸਾਂ ਨੂੰ ਮਾਣ ਵੱਤਨਾ ਦਾ, ਮਿੱਟੀ ਵਾਜਾਂ ਮਾਰਦੀ, ਸੱਜਣਾ ਵੇ ਸੱਜਣਾ ਤੋਂ ਇਲਾਵਾ ਕਰੀਬ 60-70 ਪੰਜਾਬੀ ਅਤੇ ਹਿੰਦੀ ਫਿਲਮਾ ਵਿੱਚ ਕੰਮ ਕੀਤਾ ਇਸ ਤੋਂ ਇਲਾਵਾ ਵਿਵੇਕ ਸ਼ੋਕ ਨੇ ਕੁੱਝ ਫਿਮਲਾਂ ਵਿੱਚ ਬਤੌਰ ਨਿਰਦੇਸ਼ਕ ਵੀ ਕੰਮ ਕੀਤਾ।ਪੰਜਾਬੀ ਗਾਇਕ ਅਤੇ ਅਦਾਕਾਰ ਜਸਬੀਰ ਜੱਸੀ ਦੀ ਪੰਜਾਬੀ ਫਿਲਮ "ਖੁਸ਼ੀਆਂ" ਵਿਵੇਕ ਸ਼ੋਕ ਦੀ ਆਖਰੀ ਫਿਲਮ ਸੀ,ਜੋ ਕਿ ਵਿਵੇਕ ਸ਼ੋਕ ਦੀ ਮੋਤ ਤੋਂ ਬਾਅਦ ਰਲੀਜ ਹੋਈ।

ਸ਼ਾਇਦ ਵਿਵੇਕ ਸ਼ੋਕ ਇਹ ਇੱਕ ਗੱਲ ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇ ਕਿ ਵਿਵੇਕ ਸ਼ੋਕ ਇੱਕ ਕਾਮੇਡੀ ਕਲਾਕਾਰ ਹੋਣ ਦੇ ਨਾਲ ਨਾਲ ਇੱਕ ਉੱਚ ਕੋਟੀ ਦਾ ਕਵੀ-ਗੀਤਾਕਾਰ ਵੀ ਸੀ।ਵਿਵੇਕ ਦੀਆਂ ਲਿਖਿਆਂ ਇਹ ਲਾਇਨਾ ਹਰ ਕਿਸੇ ਨੂੰ ਝਿਜੋੜ ਕੇ ਰੱਖ ਦਿੰਦੀਆਂ ਹਨ:-

**ਮਸਜਿਦ ਤੋ ਹੁਈ ਹਾਸਿਲ ਹਮਕੋ, ਖਾਲੀ ਈਮਾਨ ਗਵਾਂ ਬੇਠੈ।**
**ਮਦਿਰ ਕੋ ਬਚਾਇਆ ਲੜ-ਭਿੜ ਕਰ,ਖਾਲੀ ਭਗਵਾਨ ਗਵਾਂ ਬੇਠੈ।**
**ਧਰਤੀ ਕੋ ਹਮ ਨੇ ਨਾਪ ਲੀਆਂ, ਹਮ ਚਾਂਦ ਸਿਤਾਰੋਂ ਤੱਕ ਪਹੁੰਚੇਂ।**
**ਕੁੱਲ ਕਾਇਨਾਤ ਕੋ ਜੀਤ ਲੀਆਂ, ਖਾਲੀ ਇਨਸਾਨ ਗਵਾਂ ਬੇਠੈ।**
**ਮਜ਼ਬ ਕੇ ਠੇਕੇਦਾਰੋਂ ਨੇ, ਫਿਰ ਆਜ ਹਮੇਂ ਯੂੰ ਭੜਕਾਇਆ,**
**ਪਡਿਤ ਔਰ ਕਾਜੀ ਜਿੰਦਾ ਥੇ, ਹਮ ਅਪਣੀ ਜਾਨ ਗਵਾਂ ਬੇਠੈ।**
**ਸਰਹੱਦ ਜਬ-ਜਬ ਭੀ ਬੰਟਤੀ ਹੈ, ਦੋਨੇ ਨੁਕਸਾਨ ਉਠਾਤੇ ਹੈ।**
**ਹਮ ਪਾਕਿਸਤਾਨ ਗਵਾਂ ਬੇਠੈ, ਵੋ ਹਿੰਦੋਸਤਾਨ ਗਵਾਂ ਬੇਠੈ।**
(ਵਿਵੇਕ ਸ਼ੋਕ)

ਵਿਵੇਕ ਸ਼ੋਕ ਦੀਆਂ ਲਿਖੀਆਂ ਇਹ ਲਾਈਨਾ ਤੋਂ ਵਿਵੇਕ ਦੀ ਸੋਚ ਬਾਰੇ ਵੀ ਪਤਾ ਲੱਗ ਜਾਂਦਾ ਹੈ ਕਿ ਉਹ ਕਿਸ ਤਰ੍ਹਾਂ ਦੇ ਇਨਸਾਨ ਸਨ। ਵਿਵੇਕ ਸ਼ੌਕ ਇੱਕ ਸ਼ਹਿਰ ਦੀ ਤਰ੍ਹਾਂ ਲੋਕਾ ਨਾਲ ਵਿਚਰਿਆ ਜਿਸ ਵਿੱਚ ਹਰ ਕੋਈ ਆਪਣਾ ਦੁੱਖ ਦਰਦ ਸਾਝਾਂ ਕਰ ਸਕਦਾ ਸੀ।ਵਿਵੇਕ ਸ਼ੋਕ ਨੇ ਦੁਸਰਿਆ ਲਈ ਉਰਜਾ ਦਾ ਕੰਮ ਕੀਤਾ।

ਵਿਵੇਕ ਸ਼ੋਕ ਨੇ ਆਪਣੀ ਜਿੰਦਗੀ ਵਿੱਚ ਹਰੇਕ ਕਿਰਦਾਰ ਨੂੰ ਬਾਖੂਬੀ ਅਦਾ ਕੀਤਾ ਚਾਹੇ ਉਹ ਜਿੰਦਗੀ 'ਚ ਚੰਗੇ ਪਤੀ ਦਾ ਕਿਰਦਾਰ ਹੋਵੇ ਜਾ ਇੱਕ ਪਿਤਾ ਦਾ ਕਿਰਦਾਰ ਹੋਵੇ ਜਾ ਫਿਰ ਇੱਕ ਚੰਗੇ ਇਨਸਾਨ ਦਾ ਹਰੇਕ ਕਿਰਦਾਰ ਵਿੱਚ ਆਪਣੇ ਆਪ ਨੂੰ ਬਾਖੂਬੀ ਫਿੱਟ ਕੀਤਾ। ਕਹਿੰਦੇ ਹਨ ਕਿ ਚਗਿਆਂ ਬਦਿਆਂ ਦੀ ਲੋੜ ਤਾ ਪ੍ਰਮਾਤਮਾ ਨੂੰ ਵੀ ਹੁੰਦੀ ਹੈ ਇਸੇ ਲਈ ਪ੍ਰਮਾਤਮਾ ਚੰਗੇ ਬਦਿਆ ਨੂੰ ਆਪਣੇ ਕੋਲ ਲੈ ਜਾਂਦਾ ਹੈ।ਲਗਦਾ ਹੈ ਇਸੇ ਲਈ ਹੀ ਵਿਵੇਕ ਸ਼ੋਕ ਨੇ 10 ਜਨਵਰੀ 2011 ਨੂੰ ਆਪਣੇ ਪਿਛੇ ਆਪਣੀ ਪਤਨੀ ਤੋਂ ਇਲਾਵਾ ਤਿੰਨ ਬੱਚੇ ਮੁਦਿਤਾ ਸ਼ੋਕ, ਸਾਦਿਕਾਂ ਸ਼ੋਕ ਅਤੇ ਸੁਨਿਸ਼ਠ ਸ਼ੋਕ ਨੂੰ ਛੱਡ ਕੇ ਸਾਨੂੰ ਸਾਰਿਆ ਨੂੰ ਅਲਵਿਦਾ ਕਹਿ ਗਿਆ।

**ਐਸਾ ਕੁੱਝ ਕਰਨੇ ਕੀ ਤੋਫੀਕ ਦੇ ਅੱਲ੍ਹਾਂ ਮੁਝੇ।**
**ਇਸ ਸੇ ਪਹਿਲੇ ਕਿ,ਮੈਂ ਚਲ੍ਹਾ ਜਾਊ ਜਮਾਨੇ ਸੇ।**
**ਮੇਰੇ ਹਰ ਜਾਨਨੇ ਵਾਲੋਂ ਕੋ "ਵਿਵੇਕ" ਐਸਾ ਲਗੇ।**
**ਕਿ ਉਸੀ ਕਾ ਹੁਆ ਨੁਕਸਾਨ ਮੇਰੇ ਜਾਨੇ ਸੇ।**
(ਵਿਵੇਕ ਸ਼ੋਕ)





## ਕਿਸਾਨਾਂ ਦੀ ਖੁਦਕੁਸ਼ੀਆਂ ਦਾ ਕਾਰਨ

ਗੁਰਚਰਨ ਪੱਖੋਕਲਾਂ
+91 94177 27245

ਜਦ ਦੇਸ ਦੇ ਰਾਜਨੇਤਾ ਅਤੇ ਬੁੱਧੀਜੀਵੀ ,ਵਿਦਵਾਨ ਅਖਵਾਉਦੇ ਸੁੱਤੇ ਪਏ ਉਠ ਕੇ ਬੋਲਣ ਲੱਗਦੇ ਹਨ ਅਤੇ ਪਤਾ ਹੀ ਨਹੀਂ ਕੀ ਬੋਲ ਦੇਣ? ਇਹਨਾਂ ਰਾਜਨੀਤਕਾਂ ਜਾਂ ਸਰਕਾਰ ਭਗਤ ਲੋਕਾਂ ਨੂੰ ਕਿਸੇ ਦਾ ਡਰ ਹੈ ਨਹੀਂ ਭਾਵੇਂ ਕਿੰਨਾਂ ਵੀ ਝੂਠ ਬੋਲੀ ਜਾਣ। ਦੇਸ ਦੀ ਪਾਰਲੀਮੈਂਟ ਵਿੱਚ ਇੱਕ ਸਿੱਧੇ ਸਿਫਾਰਸੀ ਦਾਖਲੇ ਨਾਲ ਪਹੁੰਚੇ ਰਾਜਨੇਤਾ ਨੇ ਕਿਸਾਨਾਂ ਉਪਰ ਟੈਕਸ ਥੋਪਣ ਦੀ ਮੰਗ ਕਰਕੇ ਇਹ ਜਤਾਇਆ ਹੈ ਜਿਵੇਂ ਕਿ ਕਿਸਾਨਾਂ ਉਪਰ ਕੋਈ ਟੈਕਸ ਹੀ ਨਹੀ। ਪੰਜਾਬ ਦੇ ਬਾਕੀ ਰਾਜਨੀਤਕ ਇਸ ਉਪਰ ਰਾਜਨੀਤੀ ਖੇਡ ਰਹੇ ਹਨ। ਕੋਈ ਕਹਿੰਦਾ ਹੈ ਕਿ ਕਿਸਾਨਾਂ ਉਪਰ ਟੈਕਸ ਲਾਉਣ ਦੇ ਅਸੀਂ ਹੱਕ ਵਿੱਚ ਨਹੀ ਕੋਈ ਕਹਿੰਦਾ ਹੈ ਕਿਸਾਨ ਵਿਰੋਧੀ ਆਗੂ ਅਸਤੀਫਾ ਦੇਵੇ ਆਦਿ। ਪਰ ਇਹ ਕੋਈ ਨਹੀਂ ਦੱਸ ਰਿਹਾ ਕਿ ਸ਼ਭ ਤੋਂ ਵੱਧ ਟੈਕਸ ਸਿੱਧਾ ਅਤੇ ਅਸਿੱਧਾ ਕਿਸਾਨ ਦੇ ਰਿਹਾ ਹੈ। ਪਤਾ ਨਹੀਂ ਕਿਉਂ ਅਤੇ ਕਿਵੇ ਇਹ ਗੱਲ ਦੇਸ ਦੇ ਲੋਕਾਂ ਦੇ ਮਨਾਂ ਵਿੱਚ ਝੂਠੀ ਬਿਠਾ ਦਿੱਤੀ ਗਈ ਹੈ ਕਿ ਕਿਸਾਨ ਉਪਰ ਟੈਕਸ ਨਹੀਂ। ਗੋਬਲਜ ਦਾ ਸਿਧਾਂਤ ਸੱਚ ਕਰ ਦਿੱਤਾ ਹੈ ਭਾਰਤੀ ਨੇਤਾਵਾਂ ਨੇ ਖਾਸ ਕਰਕੇ ਪੰਜਾਬੀ ਨੇਤਾਵਾਂ ਨੇ ਤਾਂ ਪੰਜਾਬ ,ਪੰਜਾਬੀਆਂ ਅਤੇ ਪੰਜਾਬੀ ਕਿਸਾਨਾਂ ਬਾਰੇ ਸੋਚਣਾਂ ਹੀ ਛੱਡ ਦਿੱਤਾ ਹੈ। ਕੋਈ ਮਰੇ ਕੋਈ ਜੀਵੇ ਸੁਥਰਾ ਘੋਲ ਪਤਾਸੇ ਪੀਵੇ ਦੀ ਕਹਾਵਤ ਵੀ ਇਹਨਾਂ ਤੇ ਪੂਰੀ ਢੁੱਕਦੀ ਹੈ। ਗੋਬਲਜ ਦਾ ਸਿਧਾਤ ਕਹਿੰਦਾ ਹੈ ਕਿ ਇੱਕ ਝੂਠ ਨੂੰ ਸੌ ਵਾਰ ਬੋਲ ਦਿਉ ਸੱਚ ਵਰਗਾ ਹੋ ਜਾਂਦਾ ਹੈ ਦੁਨੀਆਂ ਲਈ। ਇਹ ਸਿਧਾਂਤ ਹੀ ਕਿਸਾਨਾਂ ਬਾਰੇ ਝੂਠ ਬੋਲਕੇ ਲਾਗੂ ਕੀਤਾ ਜਾ ਰਿਹਾ ਹੈ ਕਿ ਇਹਨਾਂ ਤੋਂ ਕੋਈ ਟੈਕਸ ਨਹੀਂ ਲਿਆ ਜਾ ਰਿਹਾ? ਪਾਠਕੋ ਆਉ ਪਹਿਲਾਂ ਸਮਝਿਓ ਟੈਕਸ ਹੁੰਦਾ ਕੀ ਹੈ । ਕਿਸੇ ਵੀ ਰਾਜਸੱਤਾ ਦੁਆਰਾ ਰਾਜ ਚਲਾਉਣ ਲਈ ਆਪਣੀ ਫੌਜਾਂ ਜੋ ਸੈਨਿਕਾਂ, ਕਰਮਚਾਰੀਆਂ,ਗੁਲਾਮਾਂ ਦੇ ਰੂਪ ਵਿੱਚ ਹੁੰਦੇ ਹਨ ਭਰਤੀ ਕੀਤੇ ਜਾਂਦੇ ਹਨ ਜਿੰਨਾਂ ਦਾ ਕੰਮ ਲੋਕਾਂ ਨੂੰ ਕਿਸੇ ਵੀ ਤਰੀਕੇ ਨਾਲ ਕੰਟਰੋਲ ਵਿੱਚ ਰੱਖਣਾ ਹੁੰਦਾ ਹੈ। ਦੂਸਰਾ ਫਰੰਟ ਲੋਕਾਂ ਨੂੰ ਬੁੱਧੂ ਬਣਾਉਣ ਲਈ ਵਿਕਾਸ ਕਰਵਾਉਣ ਦਾ ਝੂਠਾ ਮਾਡਲ ਪੇਸ ਕੀਤਾ ਜਾਂਦਾ ਹੈ। ਇਹਨਾਂ ਦੋਨਾਂ ਫਰੰਟਾਂ ਤੋਂ ਬਿਨਾਂ ਤੀਸਰਾ ਫਰੰਟ ਜੋ ਅਸਲੀਅਤ ਦੇ ਨੇੜੇ ਹੈ ਆਪਣੇ ਅਤੇ ਆਪਣੇ ਕੋੜਮਿਆਂ ਦੇ ਘਰ ਹਰ ਕਿਸਮ ਦੀ ਮਾਇਆ ਨਾਲ ਭਰਨਾਂ ਹੁੰਦਾ ਹੈ। ਤਿੰਨਾਂ ਫਰੰਟਾਂ ਦੇ ਖਰਚੇ ਲਈ ਰੁਪਏ ਲੋਕਾਂ ਦੀ ਹੀ ਜੇਬ ਵਿੱਚੋਂ ਕੱਢਣੇ ਹੁੰਦੇ ਹਨ। ਆਉ ਇਸਨੂੰ ਦੇਸ ਦੀ ਬਜਾਇ ਪੰਜਾਬ ਨੂੰ ਅਧਾਰ ਬਣਾਕਿ ਵਿਸਲੇਸਣ ਕਰੀਏ । ਪੰਜਾਬ ਦਾ ਬਜਟ 33000 ਕਰੋੜ ਦਾ ਹੈ। ਵੱਖੋ ਵੱਖਰੇ ਵਿਭਾਗਾਂ ਦੀ ਆਮਦਨ ਦਾ ਜੋੜ ਘਟਾਉ ਹੁੰਦਾ ਹੈ ਇਸ ਵਿੱਚ। ਪੰਜਾਬ ਦਾ ਮੰਡੀਕਰਨ ਬੋਰਡ 4500 ਕਰੋੜ ਦੀ ਆਮਦਨ ਦੱਸੋ ਕਿਥੋਂ ਲੈਦਾ ਹੈ? ਮੰਡੀਕਰਨ ਬੋਰਡ ਆਪਣੀ ਇਸ ਆਮਦਨ ਵਿੱਚੋਂ 50% ਪੰਜਾਬ ਦੇ ਪੇਡੂੰ ਵਿਕਾਸ ਉਪਰ ਖਰਚਣ ਲਈ ਵਚਨਵਧ ਹੁੰਦਾ ਹੈ। ਪੰਜਾਬ ਦੇ ਵਿੱਚ ਸਰਾਬ ਦੀ ਅਕਸਾਈਜ ਡਿਉਟੀ ਦਾ 80% ਪਿੰਡਾਂ ਵਿੱਚੋ ਹੀ ਆਉਂਦਾ ਹੈ ਜੋ 2400 ਕਰੋੜ ਦੇ ਲੱਗਭੱਗ ਬਣਦਾ ਹੈ। ਇਹ ਡਿਉਟੀ ਦਾ ਵੱਡਾ ਹਿੱਸਾ ਕਿਸਾਨ ਹੀ ਦਿੰਦਾ ਹੈ ਜੋ ਦੁਖੀਆ ਹੋਣ ਕਾਰਨ ਇਸੇ ਦੇ ਸਹਾਰੇ ਦੋ ਘੁੱਟ ਲਾਕੇ ਫਿਕਰਾਂ ਨੂੰ ਭੁਲਾਕੇ ਸੌਂ ਪਾਉਂਦਾ ਹੈ।

ਪੰਜਾਬ ਦਾ ਕਿਸਾਨ ਇੱਕ ਕਰੋੜ ਏਕੜ ਜਮੀਨ ਦੇ ਲਈ 3000 ਕਰੋੜ ਦਾ ਡੀਜਲ ਖਰੀਦਦਾ ਹੈ ਜਿਸ ਉਪਰ ਹੀ 1000 ਕਰੋੜ ਦਾ ਟੈਕਸ ਦੇ ਦਿੰਦਾ ਹੈ। ਇੱਕ ਏਕੜ ਉਪਰ 3000 ਦਾ ਡੀਜਲ ਲੱਗਦਾ ਹੈ । ਇਸ ਉਪਰ 50% ਟੈਕਸ ਹੀ ਹੁੰਦਾ ਹੈ, ਜਿਸ ਵਿੱਚੋਂ 30% ਪੰਜਾਬ ਗੋਰਮਿੰਟ ਹੀ ਲੈਦੀ ਹੈ । ਪੰਜਾਬ ਸਰਕਾਰ ਦੇ ਖਾਤੇ ਵਿੱਚ 1000 ਕਰੋੜ ਪਹੁੰਚ ਜਾਂਦਾ ਹੈ। ਮਾਲ ਮਹਿਕਮਾਂ 2000 ਕਰੋੜ ਤੋਂ ਵੀ ਵੱਧ ਮਾਲੀਆ ਇਹਨਾਂ ਕਿਸਾਨਾਂ ਦੀ ਜਮੀਨ ਦੀ ਖਰੀਦ ਵੇਚ ਦੇ ਕਾਰਨ ਹੀ ਤਾਂ ਕਰ ਪਾਉਦਾ ਹੈ ਹਾਲੇ ਕਹੀ ਜਾਂਦੇ ਹਨ ਕਿ ਕਿਸਾਨ ਟੈਕਸ ਨਹੀਂ ਦਿੰਦਾ। ਪੰਜਾਬ ਸਰਕਾਰ ਦੇ ਬਜਟ ਦਾ 60% ਹਿੱਸਾ ਖੇਤੀ ਨਾਲ ਸਬੰਧਤ ਕਾਰੋਬਾਰਾਂ ਤੋਂ ਹੀ ਆਉਂਦਾ ਹੈ। 75000 ਕਰੋੜ ਦੀ ਫਸਲ ਪੈਦਾ ਕਰਨ ਵਾਲਾ ਕਿਸਾਨ ਆਮਦਨੀ ਇੱਕ ਤਿਹਾਈ ਦੇ ਕਰੀਬ ਸਿੱਧੇ ਟੈਕਸਾਂ ਦੇ ਰੂਪ ਵਿੱਚ ਪੰਜਾਬ ਅਤੇ ਹਿੰਦੋਸਤਾਨ ਦੀ ਸਰਕਾਰ ਨੂੰ ਦੇ ਦਿੰਦਾ ਹੈ। ਜੇ ਅਸਲੀ ਕਿਸਾਨ ਜੋ ਖੇਤਾਂ ਵਿੱਚ ਕੰਮ ਕਰਦਾ ਹੈ ਦੀ ਅਸਲੀ ਆਮਦਨ ਜੋ ਭਾਰਤ ਸਰਕਾਰ ਦੇ ਅੰਕੜੇ ਅਨੁਸਾਰ 15000 ਪ੍ਰਤੀ ਏਕੜ ਹੈ । ਇੱਕ ਏਕੜ ਦੀ ਵੱਟਤ ਵਿੱਚੋਂ ਮੰਡੀਕਰਨ ਬੋਰਡ 3500 ਆੜਤੀਆ 2050 ਸੈਂਟਰ ਸਰਕਾਰ ਅਤੇ ਮਜਦੂਰ 2500 ਰੁਪਏ ਲੈ ਜਾਦੇ ਹਨ। ਜਦ ਕਿ ਅਸਲੀ ਕਿਸਾਨ ਨੂੰ ਤਾਂ ਆਪਣੀ ਲੇਬਰ ਦਾ ਵੀ ਮੁੱਲ ਨਹੀਂ ਮਿਲਦਾ ,ਉਸਦੀ ਅਸਲੀ ਆਮਦਨ ਤਾਂ ਜੀਰੋ ਹੈ। ਕਿਸਾਨ ਆਗੂਆਂ ਨੂੰ ਜੋ ਅਸਲ ਵਿੱਚ ਰਾਜਨੀਤਕਾਂ ਦੇ ਹੀ ਯਾਰ ਹਨ ਇਹਨਾਂ ਗੱਲਾਂ ਬਾਰੇ ਸੋਚਣ ਦੀ ਲੋੜ ਨਹੀਂ। ਬੁੱਧੀਜੀਵੀ ਵਰਗ ਆਪ ਸਰਕਾਰ ਵਾਲੇ ਛੈਣੈ ਖੜਕਾਉਦਾ ਹੈ ਕਿਉਕਿ ਸਰਕਾਰ ਨੇ ਜੋ ਕਿਤਾਬੀ ਅਗਿਆਨ ਉਹਨਾਂ ਦੇ ਦਿਮਾਗਾਂ ਵਿੱਚ ਭਰ ਦਿੱਤਾ ਹੈ ਉਸਤੋਂ ਉਪਰ ਕਿਵੇਂ ਸੋਚੇਗਾ?

ਲਉ ਕਿਸਾਨ ਦੀ ਆਮਦਨ ਵੀ ਜਾਣ ਲਉ ਇੱਕ ਏਕੜ ਵਿੱਚੋ 43000 ਦੀ ਜੀਰੀ 27000 ਦੀ ਕਣਕ ਨਿੱਕਲਦੀ ਹੈ। 20 ਲੱਖ ਦੀ ਕੀਮਤ ਵਾਲੀ ਇੱਕ ਏਕੜ ਜੰਮੀਨ ਦੀ ਮਾਲਕੀ ਵਾਲਾ ਵਿਅਕਤੀ 40000 ਤੋਂ

55000 ਹਜਾਰ ਤੱਕ ਠੇਕਾ ਲੈ ਜਾਂਦਾ ਹੈ ਪਿੱਛੇ ਬਚਿਆ 15 ਜਾਂ 25000 ਜਿਸ ਵਿੱਚੋਂ ਦੋ ਫਸਲਾਂ ਦਾ ਖਰਚਾ ਸਾਰੇ ਸਾਲ ਪੂਰਾ ਪੰਜ ਜੀਆਂ ਦਾ ਪਰਿਵਾਰ ਪੰਜ ਏਕੜ ਖੇਤੀ ਦੇ ਸਿਰਹਾਣੇ ਖੜਾ ਰਹਿੰਦਾ ਹੈ ਜਿੰਨਾਂ ਵਿੱਚੋਂ ਜੇ ਦੋ ਬਾਲਗਾਂ ਨੂੰ ਹੀ ਜੋ ਖੇਤੀ ਕਰਦੇ ਹਨ ਨੂੰ 40000 ਸਲਾਨਾਂ 3300 ਰੁਪਏ ਮਹੀਨਾਂ ਜਾਂ 100 ਰੁਪਏ ਰੋਜਾਨਾਂ ਦੇ ਹਿਸਾਬ ਦੋ ਜਣਿਆਂ ਦੀ ਲੇਬਰ 80000 ਬਣਦੀ ਹੈ। ਪੰਜ ਏਕੜ ਦਾ ਖਰਚਾ 75000 ਹੈ। ਪੰਜ ਏਕੜ ਦਾ ਲੇਬਰ ਪਲੱਸ ਖਰਚਾ 155000 ਹੈ ਅਤੇ ਆਮਦਨ ਪੰਜ ਏਕੜ ਇੱਕ ਲੱਖ ਬਣਦੀ ਹੈ, ਦੱਸੋ ਆਮਦਨ ਕਿੱਥੇ ਹੋਈ ਜਾਂ ਲੇਬਰ ਕਿੰਨੀ ਕੁ ਮਿਲੀ ਕਿਸਾਨ ਨੂੰ। ਹਜਾਰਾਂ ਏਕੜਾਂ ਦੇ ਮਾਲਕ ਕਾਂਗਰਸ ,ਅਕਾਲੀ ,ਪੰਥਕ , ਮੁੱਖੀ ਕੀ ਕਿਸਾਨ ਹਨ ਉਹ ਤਾਂ ਬਿਜਨੈਸਮੈਨ ਹਨ ਜੇ ਠੇਕਾ ਵੱਧ ਮਿਲੇ ਤਾਂ ਠੇਕਾ ਲੈ ਲੈ ਕੇ ਚੰਡੀਗੜ ਦੀਆਂ ਏਸੀ ਕੋਠੀਆਂ ਵਿੱਚ ਸੌਂਦੇ ਹਨ ਜੇ ਕਿਸਾਨ ਨੌਕਰਾਂ ਤੋਂ ਖੇਤੀ ਕਰਾਕੇ ਦੋ ਨੰਬਰ ਦੀ ਕਮਾਈ ਇੱਕ ਨੰਬਰ ਵਿੱਚ ਬਦਲਣ ਅਤੇ ਮੁਨਾਫਾ ਵੀ ਵੱਧ ਮਿਲ ਜਾਵੇ ਦੋਨੋਂ ਹੱਥੀਂ ਲੱਡੂ। ਅਸਲੀ ਕਿਸਾਨ ਧੁੱਪ ਅਤੇ ਕੜਾਕੇ ਦੀ ਠੰਡ ਵਿੱਚ ਕੰਮ ਕਰਨ ਵਾਲਾ ਹੁੰਦਾ ਹੈ। ਸਬਸਿਡੀਆਂ ਵਪਾਰੀ ਕਿਸਾਨਾਂ ਨੂੰ ਮਿਲਦੀਆਂ ਹਨ ਜੋ ਵੱਡੀਆਂ ਮਸੀਨਾਂ ਖਰੀਦ ਕਰਕੇ ਫਿਰ ਗਰੀਬ ਕਿਰਤੀ ਨੂੰ ਲੁੱਟਦੇ ਹਨ। ਕਿਸਾਨ ਅਤੇ ਮਾਲਕ ਦੇ ਫਰਕ ਨੂੰ ਹੀ ਸਮਝ ਨਹੀਂ ਪਾ ਰਿਹਾ ਬੁੱਧੀਜੀਵੀ ਵਰਗ ਉਹ ਕੀ ਸਰਕਾਰਾਂ ਨੂੰ ਦੱਸ ਪਾਵੇਗਾ ਖੁਦਾ ਹੀ ਜਾਣਦਾ ਹੈ ਬਾਕੀ ਜੇ ਲੋੜ ਹੋਈ ਕਦੀ ਫਿਰ ਪੁੱਛ ਲੈਣਾਂ ਪਾਠਕ ਮਿੱਤਰੋ। ਹੋਰ ਵੱਧ ਬੋਲੇ ਤਾਂ ਸਰਕਾਰਾਂ ਜੋ ਵੱਡੇ ਛੂਠੇ ਕਿਸਾਨਾਂ ਦੀਆਂ ਹੀ ਹਨ ਪਤਾ ਨਹੀਂ ਕੀ ਕਰ ਦੇਣ ਕਿਸਾਨ ਆਗੂ ਤਾਂ ਸਰਕਾਰਾਂ ਨਾਲ ਲੱਗਦੇ ਹਨ ਕਿਸਾਨਾਂ ਦੀ ਗੱਲ ਕਰਨ ਵਾਲਿਆ ਨਾਲ ਨਹੀਂ। ਜਿਸ ਕਿਸਾਨੀ ਦੇ ਸਾਰੇ ਨਹੀਂ ਪਰ ਬਹੁਤੇ ਆਗੂ ਆਪਣੀ ਹਾਉਮੈਂ ਅਤੇ ਲੁਕਵੇਂ ਵਪਾਰ ਲਈ ਹੀ ਆਗੂ ਬਣੇ ਹੋਣ ਦਾ ਪੱਖ ਸਰਕਾਰਾਂ ਤੱਕ ਕਦੀ ਵੀ ਨਹੀਂ ਜਾਵੇਗਾ ਰੱਬ ਖੈਰ ਕਰੇ?

## ਸਕੇਪ ਪੰਜਾਬ ਦਫ਼ਤਰ ਪ੍ਰਾਪਤ ਪੁਸਤਕਾਂ









**ਪੁਸ਼ਪਾਂਜਲੀ ਪੁਸਤਕ-ਸਮੀਖਿਆ**

**ਡਾ. ਜਗੀਰ ਸਿੰਘ ਨੂਰ**

+91 98142 09732

**ਗੁਰਸ਼ਰਨ ਸਿੰਘ 'ਅਜੀਬ' ਦੀ ਪੁਸਤਕ ਪੁਸ਼ਪਾਂਜਲੀ (ਗ਼ਜ਼ਲ-ਸੰਗ੍ਰਹਿ) ਸਮੀਖਿਆ**

ਗੁਰਸ਼ਰਨ ਸਿੰਘ 'ਅਜੀਬ' (ਲੰਡਨ ਨਿਵਾਸੀ) ਪੰਜਾਬੀ ਗ਼ਜ਼ਲ-ਸਿਰਜਣਾ 'ਚ ਮੁਹਾਰਿਤ ਹਾਸਿਲ ਕਰ ਚੁੱਕਾ ਹੈ। 'ਕੂੰਜਾਂਵਲੀ' ਗ਼ਜ਼ਲ-ਸੰਗ੍ਰਹਿ ਉਪਰੰਤ 'ਪੁਸ਼ਪਾਂਜਲੀ' ਉਸ ਦਾ ਦੂਸਰਾ ਪੁਖਤਾ ਗ਼ਜ਼ਲ-ਸੰਗ੍ਰਹਿ ਹੈ। ਇਸ ਗ਼ਜ਼ਲਕਾਰ ਦੀ ਇਹ ਕਾਵਿ-ਅਨੁਭੂਤੀ, ਮਾਨਵੀ-ਜੀਵਨ-ਸ਼ੈਲੀ ਦੇ ਪਰੰਪਰਾ ਦੇ ਇੱਕ ਗਹਿਨ ਵਰਤਾਰੇ ਵਿੱਚਲੇ ਸਰੋਕਾਰਾਂ ਦੇ ਵਿਭਿੰਨ ਪੱਖਾ ਤੋਂ ਆਪਣਾ ਵੱਥ ਗ੍ਰਹਿਣ ਕਰਕੇ, ਆਧੁਨਿਕ ਜੀਵਨ-ਸ਼ੈਲੀ ਦੇ ਸਰੋਕਾਰਾਂ ਦਾ ਚਿੱਤਰ ਪੇਸ਼ ਕਰਦੀ ਹੈ। ਗ਼ਜ਼ਲ ਇਸ ਕਵੀ ਦੇ ਦਿਲ ਦੀ ਅੰਤਰ ਆਤਮਾ ਦੀ ਆਵਾਜ਼ ਵੀ ਹੈ ਅਤੇ ਉਸ ਦੀ ਪਰਮ ਇਸ਼ਟ ਵੀ ਹੈ। ਇਸੇ ਭਾਵ-ਸੰਚਾਰ ਵਿੱਚ ਕਵੀ ਆਖਦਾ ਹੈ ਕਿ :-

**"ਗ਼ਜ਼ਲ ਰਮਜ਼ਾਂ ਦੀ ਰਾਣੀ ਹੈ ਅਤੇ ਤਨਜ਼ਾਂ ਦੀ ਮਲਕਾ ਵੀ**
**ਗ਼ਜ਼ਲ ਧਰਤੀ ਸਮੁੰਦਰ ਲਹਿਰ ਨਾਲੇ ਆਸਮਾਂ ਯਾਰੋ।"**

ਸ਼ਾਇਰ ਅਜੀਬ ਮਾਨਵੀ-ਹਿਰਦੇ ਦੀ ਹੂਕ, ਹੇਕ ਅਤੇ ਬਹਿਰ ਦਾ ਸ਼ਾਇਰ ਹੈ। ਪ੍ਰੇਮ-ਪਿਆਰ ਦਾ ਸਰਬਾਂਗੀ ਸਰੂਪ ਇਸ ਦੀ ਰਗ-ਰਗ 'ਚ ਹੈ, ਸ਼ਾਇਰੀ ਦੇ ਅੱਖਰ-ਅੱਖਰ 'ਚ ਹੈ ਪਰ ਨਾਲ ਦੀ ਨਾਲ ਮਾਨਵ-ਹਿਤੈਸ਼ ਦੇ ਵਿਰੋਧ 'ਚ ਰਹੀਆਂ ਸਰਗਮੀਆਂ, ਪੁਆੜਿਆਂ ਅਤੇ ਘਿਣਾਉਣੇ ਵਿਭਿੰਨ ਕਾਰਨਾਮਿਆਂ ਦਾ ਵੀ ਇਹ ਨਿਸ਼ੇਧ ਕਰਦਾ ਹੈ। ਸਮਾਜਕ, ਨੈਤਿਕ, ਸੱਭਿਆਚਾਰਕ, ਰਾਜਸੀ-ਪ੍ਰਸ਼ਾਸ਼ਨਿਕ ਅਤੇ ਸੂਚਨਾ ਤਕਨਾਲੋਜੀ ਦੇ ਯੁੱਗ ਵਿਚ ਬਦਲ ਰਹੀਆਂ ਮਾਨਵੀ ਕਦਰਾਂ-ਕੀਮਤਾ ਦਾ ਭਾਵਨਾਤਮਕ ਬੋਧ ਵੀ ਕਾਵਿਕ ਜੁਗਤਾਂ ਜਰੀਏ ਇਹ ਕਵੀ ਸਹਿਜ-ਠੇਠ ਭਾਸ਼ਾ 'ਚ ਕਰ ਜਾਂਦਾ ਪ੍ਰਤੀਤ ਹੁੰਦਾ ਹੈ। ਇਸੇ ਕਵੀ ਦੀ ਪਰਪੱਕ ਧਾਰਨਾ ਹੈ:-

**ੳ) "ਅਚੰਭਾ! ਅਚੰਭਾ!! ਅਚੰਭਾ!!! ਗ਼ਜ਼ਲ ਹੈ।**
**ਹੈ ਫੁੱਲ ਖ਼ੂਬਸੂਰਤ ਤੇ ਚੰਬਾ ਗ਼ਜ਼ਲ ਹੈ।"**

**ਅ) ਗ਼ਜ਼ਲ ਕਾਸ਼ੀ ਗ਼ਜ਼ਲ ਮੱਕਾ ਅਤੇ ਮੇਰਾ ਹੈ ਹਰਿਮੰਦਰ,**
**ਗ਼ਜ਼ਲ ਮੇਰੀ ਇਨ੍ਹਾਂ ਥਾਵਾਂ 'ਤੇ ਨਿਤ ਚੌਕੀ ਭਰਨ ਜਾਂਦੀ।"**

ਅਜੋਕੇ ਵਕਤ ਦੇ ਇਨਸਾਨ ਜਿਸ ਨੇ ਹੁਣ ਤਕ ਕਥਿਤ ਲੱਖਾਂ ਤਰੱਕੀਆਂ ਕਰ ਲਈਆਂ ਹਨ, ਪਰ ਇਸ ਦੀ ਹੋਂਦ ਸਥਿਤੀ ਅਜੇ ਕੀ ਹੈ? ਦਾ

ਅਨੁਭਵ ਇਸ ਸ਼ਿਅਰ ਜ਼ਰੀਏ ਪ੍ਰਗਟ ਹੁੰਦਾ ਵੇਖਿਆ ਜਾ ਸਕਦਾ ਹੈ ਕਿ:-

**ਅਨੇਕਾਂ ਮਾਰੀਆਂ ਝੱਖਾਂ ਮਗਰ ਓਥੇ ਦਾ ਓਥੇ ਹਾਂ।**
**ਕਮਾਵੇ ਰੋਕੜੇ ਲੱਖਾਂ ਮਗਰ ਓਥੇ ਦੇ ਓਥੇ ਹਾਂ।**

ਬੇਵਤਨੀ ਜਾਂ ਪਰਵਾਸ ਦਾ ਡੂੰਘਾਂ ਅਨੁਭਵ ਅਤੇ ਖੰਡਿਤ ਹੋ ਚੁੱਕੀ ਪੰਜਾਬੀ ਰਹਿਣੀ-ਬਹਿਣੀ ਦੇ ਅਹਿਸਾਸਾਂ ਨੂੰ ਵੀ ਇਹ ਕਵੀ ਤਹਿ-ਦਰ-ਤਹਿ ਅਨੁਭਵ ਕਰਕੇ ਇਸ ਦਾ ਸਾਰਥਿਕ ਕਾਵਿ ਬਿੰਬ ਉਭਾਰਦਾ ਹੈ।

**ਰਾਵੀ ਝਨਾਬ ਜਿਹਲਮ ਸਤਲੁਜ ਬਿਆਸ ਹਾਂ ਮੈਂ।**
**ਭਾਵੇਂ ਮੈਂ ਬੇਵਤਨਾ ਵਤਨ ਦੇ ਪਾਸ ਹਾਂ ਮੈਂ।**

ਪੁਸਤਕ ਦੇ ਆਸ਼ਕਾਨਾ ਰੰਗ ਰੰਗ ਵਿਚਲੇ ਭਾਗ 'ਚ ਅੰਕਿਤ ਗ਼ਜ਼ਲਾਂ ਪਿਆਰ, ਮਿਲਾਪ-ਵਿਛੋੜੇ ਦੇ ਉਦਾਗਾਰਾਂ ਦਾ ਪ੍ਰਗਟਾਵਾ ਕਰਦੀਆਂ ਹੋਈਆਂ ਪਿਆਰ ਜਿਹੇ ਸ਼ਿਰੋਮਨੀ ਜਜ਼ਬੇ ਦਾ ਬਿੰਬ ਉਭਾਰਦੀਆਂ ਹਨ। ਕਵੀ ਦੇ ਇਸ ਬਹੁਭਾਂਤੀ ਅਨੁਭਵ 'ਚੋਂ ਇਹ ਸ਼ਿਅਰ ਵਾਚਣ ਯੋਗ ਹੈ ਕਿ:-

**ਮੇਰੇ ਖ਼ਾਬਾਂ ਦੀ ਬਸਤੀ ਵਿਚ ਬੜੀ ਸੁਨਸਾਨ ਹੈ ਆ ਜਾ।**
**ਨਾ ਕੋਈ ਕੂਕਦੀ ਕੋਇਲ ਚਮਨ ਵੀਰਾਨ ਹੈ ਆ ਜਾ।**

ਗੁਰਸ਼ਰਨ ਸਿੰਘ ਅਜੀਬ ਬੱਚਿਆਂ ਪ੍ਰਤੀ ਪਿਆਰ ਨੂੰ ਵੀ ਗ਼ਜ਼ਲਾਂ ਦੀ ਪੰਘ ਪਾਉਂਦਾ ਹੈ, ਪੋਤੀ ਪੁਨੀਤ ਕੌਰ, ਪੋਤਾ ਜੈਵੀਰ ਸਿੰਘ ਆਹਲੂਵਾਲੀਆ, ਦੋਹਤੀ ਅਵਾਨੀ ਕੌਰ ਅਤੇ ਇਵੀਨਾ ਕੌਰ ਦੇ ਮੋਹ ਭਿੱਜੇ ਬੋਲਾਂ 'ਚ ਉਚਾਰੀਆਂ ਗ਼ਜ਼ਲਾਂ ਵੀ ਵਿੱਲਖਣਤਾ ਵਾਲਾ ਹਾਸਿ ਗ੍ਰਹਿਣ ਕਰਦੀਆਂ ਪ੍ਰਤੀਤ ਹੁੰਦੀਆਂ ਹਨ। ਇਸੇ ਤਰ੍ਹਾਂ ਗਾਇਕ ਇਸ਼ਮੀਤ ਸਿੰਘ, ਸਵਰਬ ਚੰਦਨ, ਨਿਰੰਜਨ ਸਿੰਘ ਨੂਰ, ਰੁਪਿੰਦਰ ਸਿੰਘ ਲਾਲ ਆਦਿ ਵਿਛੜੀਆਂ ਰੂਹਾਂ ਨੂੰ ਸਲਾਮ ਅਰਪਿਤ ਕਰਦੀਆਂ ਗ਼ਜ਼ਲਾਂ ਵੀ ਅੰਕਿਤ ਹਨ, ਜਿਨ੍ਹਾਂ 'ਚੋਂ ਮਾਨਵੀ ਹਿਰਦੇ ਦੀ ਹੂਕ ਪ੍ਰਗਟ ਹੁੰਦੀ ਹੈ। ਵਕਤੋਂ ਪਹਿਲਾਂ ਪ੍ਰਲੋਕ ਜਾ ਵਸੇ ਇਸ਼ਮੀਤ ਦਾ ਉਲਾਂਭਾ ਪਰਮਾਤਮਾ ਨੂੰ ਦੇਦਿੰਆਂ ਅਰਜੋਈ ਕੀਤੀ ਗਈ ਹੈ ਕਿ-

**ਸੁਰਾਂ ਦਾ ਸੀ ਸਿਤਾਰਾ ਤੇ ਮੁਨਾਰਾ 'ਵਾਜ਼ ਦਾ "ਇਸ਼ਮੀਤ"**
**ਸਿਖਰ ਪੁੱਜੇ ਅਜੇਹੇ ਤਾਰਿਆਂ ਨੂੰ ਤੋੜਿਆਂ ਨਾ ਕਰ।**

ਪੁਸਤਕ ਦੇ 'ਅੰਤਿਕਾ' ਸਿਰਲੇਖ ਤਹਿਤ ਤਾਂ ਸੱਚ-ਸੱਚ ਗ਼ਜ਼ਲ-ਗੋਆ ਨੂੰ ਅਜੀਬ ਸੁਨੇਹਾ ਦੇ ਜਾਂਦੇ ਹੋਏ ਕਹਿੰਦੇ ਹਨ ਕਿ ਉਹ ਹਰ ਗ਼ਜ਼ਲਗੋਆ ਦਾ ਸਤਿਕਾਰ ਵੀ ਕਰਦਾ ਹੈ, ਦਾਦ ਵੀ ਦੇਂਦਾ ਹੈ ਅਤੇ ਮਦਦਗਾਰ ਵੀ ਬਣਦਾ ਹੈ। ਗੁਰਸ਼ਰਨ ਸਿੰਘ ਅਜੀਬ ਪੁਸ਼ਪਾਂਜਲੀ ਗ਼ਜ਼ਲ ਸੰਗ੍ਰਹਿ ਲਈ ਵਧਾਈ ਦਾ ਪਾਤਰ ਹੈ।



## ਲਿਖਤ ਤੇ ਲੇਖਕ ਦੇ ਹਿਰਦੇ ਚੋਂ ਲੰਘਦਿਆਂ

**ਐਸ ਬਲਵੰਤ, ਯੂ. ਕੇ.**

ਵਿਲਾਇਤ ਆਉਣ ਮਗਰੋਂ ਮੈਨੂੰ ਦੋਸਤੀਆਂ ਵਾਲੇ ਸਾਰੇ ਰਿਸ਼ਤੇ, ਸੰਬੰਧਾਂ, ਚਿੰਤਾਵਾਂ, ਲੋਕਾਂ ਦੇ ਸੁਭਾਵਾਂ-ਯਾਨੀ ਸਭ ਕੁਝ ਨਵੇਂ ਸਿਰਿਓਂ ਲੰਘ ਕੇ ਨਾਪਣਾ ਤੇ ਆਪਣੇ ਅੰਦਰ ਸਿਰਜਣਾ ਪਾਉਂਦਾ ਰਿਹਾ। ਦੋਸਤੀ ਦੇ ਅਹਿਸਾਸਾਂ ਨੂੰ ਸਮੇਂ ਦੇ ਹਾਲਾਤ ਮੁਤਾਬਕ ਅੰਦਰ ਵੜ ਕੇ ਦੇਖਣ ਦੀ ਲਾਲਸਾ ਤੇ ਉਨ੍ਹਾਂ ਅਭਿਆਸਾਂ ਨੂੰ ਆਪਣੇ ਅੰਦਰ ਸਮਾ ਲੈਣ ਦੀ ਯੋਗਤਾ ਤਾਂ ਮੇਰੇ ਵਿਚ ਪਹਿਲਾਂ ਵੀ ਭਰਪੂਰ ਸੀ, ਅਤੇ ਹੁਣ ਵੀ ਹੈ, ਪਰ ਜਦੋਂ ਇਥੇ ਦੋਸਤੀਆਂ ਦੇ ਪੁਰਾਣੇ ਚੈਪਟਰ ਖੁੱਲ੍ਹ ਕੇ ਨਵੇਂ ਅਹਿਸਾਸਾਂ 'ਚ ਤਬਦੀਲ ਹੋ ਰਹੇ ਹਨ, ਤਾਂ ਇਸ 'ਚ ਕਈ ਪੁਰਾਣੇ ਰਿਸ਼ਤੇ ਟੁੱਟੇ ਤੇ ਕਈ ਨਵੇਂ ਬਣਨ ਦੇ ਅਹਿਸਾਸ ਵੀ ਦਰਜ ਹੋਏ। ਇਨ੍ਹਾਂ ਅਹਿਸਾਸਾ ਨੂੰ ਆਪਣੀ ਸਮਝ ਮੁਤਾਬਕ ਆਪਣੇ ਪਿੱਛੇ ਰਹਿ ਗਏ ਦੋਸਤਾਂ ਨਾਲ ਸਾਂਝਾ ਕਰਨ ਦਾ ਜੀਅ ਕੀਤਾ ਤਾਂ ਹਾਜਰ ਹਾਂ । ਇੱਥੇ ਇਕ ਬਹੁਤ ਵੱਡਾ ਫਰਕ ਇਹ ਵੀ ਲੱਗਾ ਕਿ ਮਹਿਮਾਨ ਦੇ ਤੌਰ ਤੇ ਇੱਥੇ ਆਉਣਾ ਤੇ ਪੱਕੇ ਤੌਰ ਤੇ ਇੱਥੇ ਵੱਸਣ ਲਈ ਆਉਣਾ, ਵਿਚ ਰਿਸ਼ਤਿਆ ਦਾ ਅਲੱਗ ਕਿਸਮ ਨਾਲ ਬਦਲ ਕੇ ਸਥਾਈ ਬਣ ਜਾਣ ਦਾ ਅਨੁਭਵ ਵੀ ਅਲੱਗ ਹੀ ਹੈ। ਇਸੇ ਲੜੀ ਵਿਚ ਦੋਸਤੀ ਦੇ ਚੈਪਟਰਾਂ ਦਾ ਸੰਪਾਦ ਕਰਦਿਆਂ ਜਿਸ ਵਿਅਕਤੀ ਬਾਰੇ ਜਿਕਰ ਕਰਨ ਦਾ ਮਨ ਸਭ ਤੋਂ ਪਹਿਲਾਂ ਕੀਤਾ, ਲਿਸਟ ਚ ਮਨਮੋਹਨ ਸਿੰਘ ਮਹੇੜੂ ਦਾ ਨਾਂਅ ਸਭ ਤੋਂ ਪਹਿਲੋਂ ਮੇਰੇ ਜਿਹਨ ਚ ਉਕਰਿਆ । ਸ਼ਾਂਤ, ਗੰਭੀਰ, ਡਾਊਨ-ਟੂ- ਅਰਥ, ਬੋਲੀ 'ਚਮਿਸਰੀ ਦੀ ਮਿਠਾਸ ਦਾ ਅਹਿਸਾਸ, ਜੇਬੋਂ ਨਿਪੁਣ, ਸੂਝ ਦਾ ਡੂੰਘਾ ਸਮੁੰਦਰ ਤੇ ਬਹੁਤ ਕੁਝ ਹੋਰ ਨੂੰ ਆਪਣੇ ਅੰਦਰ ਸਮੋਈ ਬੈਠਾ ਹੈ ਮਨਮੋਹਣਜਿਸਨੂੰ ਦੋਸਤ ਪਿਆਰ ਨਾਲ "ਮੋਹਣੀ" ਵੀ ਆਖਦੇ ਹਨ ।

ਇਕ ਗੱਲ ਹੋਰ । ਇੰਡੀਆ ਰਹਿਦਿਆਂ, ਇੰਗਲੈਂਡ ਬਾਰੇ ਬਹੁਤ ਕੁਝ ਸੁਣਿਆ ਸੀ। ਬਹੁਤਮਾੜਾ/ਚੰਗਾ ਪਰਚਾਰ ਵੀ ਸੁਣਦਾ ਰਿਹਾਂ ਇਸ ਦੇਸ਼ ਬਾਰੇ । ਇਹ ਵੀ ਕਿਹਾ ਜਾਂਦਾ ਰਿਹਾ ਕਿ ਇਸ ਬਰਤਾਨਵੀ ਸਾਮਰਾਜ ਨੇ ਦੋ ਸੌ ਸਾਲ ਭਾਰਤ ਨੂੰ ਗੁਲਾਮ ਬਣਾਈ ਰਖਿੱਆ । ਇਸ ਰਾਜ ਦੀ ਸਮਾਪਤੀ ਜਾਂ ਗੋਰਿਆਂ ਨੂੰ ਭਾਰਤ ਚੋਂ ਕੱਢਣ ਲਈ ਬੇਸ਼ੁਮਾਰ ਜਾਨਾਂ ਦੀ ਕੁਰਬਾਨੀ ਵੀ ਦੇਣੀ ਪਈ...ਵਗੈਰਾ...ਵਗੈਰਾ...! ਯਾਣੀ ਭਾਰਤ ਚ ਅੰਗ੍ਰੇਜਾਂ ਨੂੰ ਹਰ ਤਰ੍ਹਾਂ ਨਾਲ ਮਾੜੀ ਰੰਗਤ ਚਰਗਿਆ ਗਿਆ। ਇਹ ਵੀ ਕਿਹਾ ਗਿਆ ਕਿ ਇਸੇ ਬਰਤਾਨੀਆ ਨੇ ਦੂਨੀਆਂ ਦੇ ਮੁਹਰਲੇ ਯੁੱਧਾਂ ਚ

ਭਾਰਤੀ ਨੌਜੁਆਨਾਂ ਨੂੰ ਅੱਗੇ ਡਾਹ ਬੇਸ਼ੁਮਾਰ ਕੁਰਬਾਨੀਆਂ ਦਿੱਤੀਆਂ ਤੇ ਆਪਣੇ ਆਪ ਨੂੰ ਬਚਾਇਆ ।

ਪਰ ਦੂਜੇ ਪਾਸੇ ਮੈਂ ਦੁਬਾਰਾ ਅਧਿਅਨ ਕਰਦਿਆਂ ਇਹ ਮਹਿਸੂਸ ਕੀਤਾ ਕਿ ਇਹ ਉਹੀ ਦੇਸ਼ ਹੈ ਜਿਸ ਨੇ ਦੁਨੀਆਂ ਨੂੰ ਖਿਆਲਾਂ ਚ ਹੀ ਨਹੀਂ ਸਗੋਂ ਹਕੀਕਤ ਚ ਸਭਿਅਤਾ ਦੀ ਸਿਖਰਦਿਖਾਈ, ਇਕ-ਦੂਸਰੇ ਪ੍ਰਤੀ ਮਾਣ-ਮਰਿਯਾਦਾ, ਬਰਾਬਰੀ ਦਾ ਸਤਿਕਾਰ,ਬੋਲੀ, ਚਾਹੇ ਉਹ ਜਾਤੀ ਹੋਵੇ ਜਾਂ ਕਾਰੋਬਾਰੀ, ਦੇ ਵਰਤਾਰੇ ਚ ਅੰਤਾਂ ਦੀ ਮਿਠਾਸ ਤੇ ਔਰਤ-ਮਰਦ ਦੀ ਬਰਾਬਰੀ ਦੇ ਯੁਗ ਦਾ ਆਰੰਭ ਕੀਤਾ । ਯਾਨੀ ਇਕ ਬਿਹਤਰ ਦੇਸ਼, ਇਕ ਬਿਹਤਰ ਰਿਸ਼ਤਿਆਂ ਦੇਧਾਗਿਆਂ 'ਚ ਉਣਿਆ ਸਮਾਜ, ਜਿਥੇ ਕੋਈ ਭੁੱਖਾ ਨਹੀਂ ਸੌਂਦਾ, ਕੋਈ ਠੰਢ ਚ ਨਹੀਂ ਮਰਦਾ, ਕੋਈ ਮਿਲਾਵਟੀ ਖਾਣਾ ਖਾ ਕੇ ਸਾਹ ਨਹੀਂ ਛੱਡਦਾ, ਕੋਈ ਕਿਸੇ ਕੁੜੀ ਜਾਂ ਔਰਤ ਨੂੰ ਮਰਜੀ ਤੋਂ ਬਿਨਾਂ ਤੱਕ ਅੱਖ ਚੁਕ ਕੇ ਨਹੀਂ ਦਏਖ ਸਕਦਾ...ਵਗੈਰਾ...ਵਗੂਰਾ...!

ਇਹੋ ਜਿਹੇ ਦੇਸ ਚ ਸਦਾ ਲਈ ਵਸਣ ਵਾਸਤੇ ਆਉਣ ਉਪਰੰਤ ਇਸ ਦੇ ਅੰਦਰਲੀਆਂ ਬਾਰੀਕੀਆਂ ਤੇ ਇਥੇ ਵੱਸਦੇ ਸਾਰੇ ਸਭਿਆਚਾਰਾਂ ਦੇ ਲੋਕਾਂ ਦੀ ਜਹਿਨੀਅਤ ਨੂੰ ਨੇੜਿਉਂ ਸਮਝਣਾ ਮੇਰੀ ਲੋੜ ਤਾਂ ਸੀ ਹੀ ਪਰ ਮੇਰੀ ਮਜਬੂਰੀ ਵੀ ਬਣ ਗਈ ਕਿਉਂਕਿ ਇਸ ਨੂੰ ਸਮਝੇ ਬਗੈਰ ਇਥੇ ਵਿਚਰਨਾ ਇਕ ਓਪਰਾਪਨ ਹੋਣਾ ਸੀ । ਉਂਞ ਮੈਂ ਇਸ ਦੇਸ਼ ਚ ਲਗਾਤਾਰ ਆਉਂਦਾ ਰਿਹਾਂ ਤੇ ਹੁਣ ਤਕ ਕਿੰਨੀ ਵਾਰੀ ਆਇਆਂ, ਇਸ ਦੀ ਗਿਣਤੀ ਵੀ ਭੁੱਲ ਗਈ ਹੈ, ਪਰ ਉਦੋਂ ਤੇ ਹੁਣ ਵਿਚ ਬਹੁਤ ਫਰਕ ਹੈ । ਫਰਕ ਹੈ ਮਹਿਮਾਨ ਬਣਕੇ ਆਉਣਾ ਤੇ ਸਦਾ ਲਈ ਵਾਸ਼ੰਦਾ ਬਣ ਕੇ ਰਹਿਣਾ।

ਇਸੇ ਕਰਕੇ ਜਦੋਂ ਮੈਂ ਇਸ ਬਾਰੇ ਕੁਝ ਦੋਸਤਾਂ ਦੀ ਚੋਣ ਕੀਤੀ ਤਾਂ ਹੀ ਮਨਮੋਹਣ ਜਾਂ ਦੋਸਤਾਂ ਦਾ ਮੋਹਣੀ ਮੇਰੀ ਲਿਸਟ ਚ ਸਭ ਤੋਂ ਪਹਿਲਾਂ ਆਇਆ । ਉਸ ਨੂੰ ਹੋਰ ਨੇੜਿਉਂ ਸਮਝਣ ਲਈ ਮੈਨੂੰ ਉਸ ਦੀ ਹੁਣੇ ਹੁਣੇ ਪ੍ਰਕਾਸ਼ਤਿ ਪੁਸਤਕ "ਅਪਰਚੂਨਿਟੀ ਐਂਡ ਕਲਚਰ : ਫੋਰ ਡੀਕੇਡਜ ਇਨ ਇੰਗਲੈਂਡ" ਦਾ ਪਾਠ ਕਰਨਾ ਵੀ ਮੁਨਾਸਬ ਲੱਗਾ। ਇਸ ਪੁਸਤਕ ਦੇ ਵਰਕਿਆਂ ਚੋਂ ਲੰਘਦਿਆਂ ਮਨਮੋਹਣ ਦੀ ਸ਼ਖਸੀਅਤ ਹੋਰ ਡੂੰਘੀ ਤਰ੍ਹਾਂ ਉਭਰ ਕੇ ਮੇਰੇ ਸਾਹਮਣ ਆਉਂਦੀ ਗਈ ।

ਇਸ ਪੁਸਤਕ ਚ ਦਰਜ ਉਸ ਦਾ ਵਿਲਾਇਤ ਆਉਣਾ, ਮਜਦੂਰੀ ਕਰਨ ਦੀ ਤੈਹਿ ਚੋਂ ਸਫਰ ਕਰਨਾ, ਉਸ ਦਾ ਇਥੋਂ ਦੇ ਇਤਿਹਾਸ ਦਾ ਅਧਿਅਨ ਕਰਨਾ, ਇਸ ਦੇਸ਼ ਦੀ ਆਰਥਿਕਤਾ ਨੂੰ ਸਮਝਣਾ, ਤੇ ਆਪਣੀ ਕਾਰੋਬਾਰੀ ਅੱਖ ਨੂੰ ਖੁੱਲੇ ਰੱਖ ਇਥੋਂ ਦੇ ਕਾਰੋਬਾਰੀ ਸੰਸਾਰ ਚ ਖੁੱਭਦਿਆਂ, ਆਪਣੇ ਕੁਦ ਮੁਤਾਬਕ ਆਪਣੀ ਹੋਂਦ ਨੂੰ ਕਾਰੋਬਾਰ ਰਾਹੀਂ ਸਥਾਪਤ ਕਰਨਾ, ਤੇ ਇਥੋਂ ਦੀ ਕਾਰੋਬਾਰੀ ਜਮਾਤ ਚ ਆਪਣਾ ਸਿੱਕਾ ਜਮਾਉਣਾ, ਪੰਜਾਬੀ ਤੇ ਅੰਗਰੇਜੀ ਸਭਿਆਚਾਰਾਂ ਦੀ ਪ੍ਰਫੁੱਲਤਾ ਲਈ ਆਪਣਾ ਯੋਗਦਾਨ ਪਾਉਣਾ। ਇਸ ਸਭ ਕੁਝ ਨੂੰ ਸਮਖਦਿਆਂ ਮੇਰੇ ਅਨੁਭਵ ਹੀ ਹੋਰ ਸਨ ।...ਉਨ੍ਹਾਂ ਨੂੰ ਦੇਖ ਮੇਰਾ ਦੰਗ ਰਹਿਣਾ ਵੀ ਸੁਭਾਵਕ ਹੀ ਸੀ ।ਮਨਮੋਹਣ ਦਾ ਵਿਲਾਇਤੀ ਸਮਾਜ 'ਚ ਰਹਿ ਕੇ, ਉਸਦੇ ਸਰੋਕਾਰਾਂ 'ਚ ਹਿੱਸਾ ਪਾਉਂਦਿਆਂ ਆਪਣੀ ਸ਼ਾਨ ਨੂੰ ਤੇ ਆਪਣੇ ਆਤਮ ਵਿਸ਼ਵਾਸ ਵਰਗੇ ਸਰੋਕਾਰਾਂ ਨੂੰ ਬਰਕਰਾਰ ਰੱਖਣਾ ਵੀ ਮੋਹਣ ਦੀ ਹਿੰਮਤਹੀ ਲੱਗੀ।

ਮੇਰੇ ਤੋਂ ਉਮਰ 'ਚ ਕਾਫੀ ਵੱਡਾ ਹੋਣ ਤੇ ਵੀ ਉਹ ਆਪਣੇ ਆਪ ਨੂੰ ਇਸ ਤਰ੍ਹਾਂ ਬਣਾ ਲੈਂਦਾ, ਜਿਵੇਂ ਹਮਉਮਰ ਹੋਵੇ। ਪਰ ਅੰਦਰੋਂ ਉਸਦੀ ਭਾਰਤੀ ਸਭਿਆਚਾਰ ਬਾਰੇ ਪਕੜ ਨੂੰ ਜੇ ਕਿਸੇ ਵਲਾਇਤ ਵਰਗੇ ਦੇਸ਼ ਚ ਪ੍ਰਤੀਨਿਧਤਾ ਦਿਤੀ ਤਾਂ ਉਹਦੇ ਵਿਚ ਵੀ ਮੋਹਣ ਹੀ ਮੁਹਰਲੀਆਂ ਕਤਾਰਾਂ ਚ ਖੜ੍ਹਦਾ ਹੈ।

"ਅਪੁਰਚੂਨਿੱਟੀ ਐਂਡ ਕਲਚਰ"ਰਾਹੀਂ ਉਸਦਾ ਮੰਨਣਾ ਹੈ ਕਿ ਅਸੀਂ ਪੰਜਾਬੀ ਇਥੇ ਖੈਰਾਤ ਮੰਗਣ ਨਹੀਂ ਸੀ ਆਏ। ਗੋਰਿਆਂਨੂੰ ਸਾਡੀ ਲਿਆਕਤ ਦਾ ਪਤਾ ਹੋਣ ਕਰਕੇ ਉਨ੍ਹਾਂ ਹੀ ਸਾਨੂੰ ਸੱਦਿਆ ਸੀ । ਵਰਨਾ ਸਾਡੇ ਆਪਣੇ ਵਿਹੜੇ, ਆਪਣੇ ਚੁਬਾਰੇ ਘੱਟ ਨਹੀਂ ਸਨ ਸਾਡੇ ਕੋਲ। ਸਾਡੇ ਲਹਿਲਹਾਉਂਦੇ ਖੇਤਾਂ ਚ ਫਸਲਾਂ ਦੀ ਮਹਿਕ ਸਾਨੂੰ ਖੁਦ-ਬ-ਖੁਦ ਨਸ਼ਿਆ ਦਿੰਦੀ ਸੀ । ਸਾਨੂੰ ਆਪਣੀ ਹੀ ਮਸਤੀ ਦੇ ਰੰਗ ਚ ਰੰਗ ਦਿੰਦੀ ਸੀ ।

ਉਹ ਇਸ ਕਿਤਾਬ 'ਚ ਲਿਖਦਾ ਕਿ ਬਰਤਾਨਵੀ ਦੂਤਾਵਾਸ ਵਲੋਂ ਮੇਰੇ ਪਾਸ 1965 ਚ ਇਕ ਖੱਤ ਆਇਆ, ਜਿਸ 'ਚ ਲਿਖਿਆ ਸੀ ਕਿ ਤੁਸੀਂ ਬਰਤਾਨੀਆ 'ਚ ਪੱਕੇ ਤੌਰ ਤੇ ਰਹਿ ਸਕਦੇ ਹੋ। ਮਨਮੋਹਣ ਨੇ ਆਪਣੀ ਟਿੰਡ-ਫੌਹੜੀ ਚੁੱਕੀ, ਤਿੰਨ ਪੌਂਡ ਜੇਬ੍ਹ 'ਚ ਪਾਏ, ਤੇ ਨੀਝ ਨਾਲ ਆਪਣੇ ਲਹਿ-ਲਾਹਾਉਂਦੇ ਖੇਤਾਂ ਵੱਲ ਝਾਤੀ ਮਾਰੀ, ਪਰਿਵਾਰ ਤੇ ਦੋਸਤਾਂ ਨੂੰ ਗਲਵਕੜੀਆਂ ਪਾਈਆਂ ਤੇ ਇਸ ਦੇਸ਼ ਪਹੁੰਚ ਗਿਆ। ਅਜੀਬੋ ਗਰੀਬ ਤਜਰਬੇ ਹੋਏ ।ਤਰ੍ਹਾਂ ਤਰ੍ਹਾਂ ਦੇ ਕੰਮ ਕੀਤੇ। ਮਿਹਨਤ-ਮੁਸ਼ੱਕਤ ਤੋਂ ਉਸ ਕਦੇ ਘੌਲ ਨਾ ਕੀਤੀ ਤੇ ਅਖੀਰ ਅਜ ਇਸ ਦੇਸ਼ ਦੇ ਇਕ "ਕਹਿੰਦੇ-ਕਹਾਉਂਦੇ" ਵਿਅਕਤੀ ਦੀ ਹੈਸੀਅਤ ਪ੍ਰਾਪਤ ਕਰ ਮਾਣ ਨਾਲ ਜੀਉਣ ਦਾ ਹੱਕ ਹਾਸਿਲ ਕਰ ਲਿਆ। ਸ਼ੁਰੂ ਤੋਂ ਹੀ ਤੇ ਅੱਜ ਵੀ, ਪੰਜਾਬੀ ਸਭਿਆਚਾਰ ਦੀ ਗੱਲ ਹੋਵੇ, ਕਿਸੇ ਨੂੰ ਮੱਦਦ ਦੀ ਲੋੜ ਹੋਵੇ, ਕਿਤੇ ਦੁਖ ਤਕਲੀਫਾਂ ਦਾ ਵਾਸਾ ਹੋਵੇ--ਮੋਹਣ ਆਪਣਾ ਬਟੂਆ ਤੇ ਦਿਲ ਦੋਵੇਂ ਖੁੱਲ੍ਹੇ ਰੱਖਦਾ।

ਉਸ ਦੇ ਚਰਿਤੱਰ ਤੇ ਇਮਾਨਦਾਰੀ ਦਾ ਇਕ ਹੋਰ ਪਹਿਲੂ ਵੀ ਮੈਨੂੰ ਦੇਖਣ ਦਾ ਮੌਕਾ ਮਿਲਿਆ ।ਮੇਰੀਆਂ ਪਹਿਲੀਆਂ ਆਮਦਾਂ ਚ ਇਕ ਵਾਰੀ ਮਨਮੋਹਣ ਨੇ ਦਸਿਆਸੀ ਕਿ ਉਸਨੇ ਇਕ ਨਵਾਂ ਕਾਰੋਬਾਰ ਸ਼ੁਰੂ ਕੀਤਾ ਪਰ ਉਸ ਵਿਚ ਉਹਨੂੰ ਬਹੁਤੀ ਮੁਹਾਰਤ ਨਾ ਹੋਣ ਕਾਰਨ ਦਾਹਢਾ ਘਾਟਾ ਪੈ ਗਿਆ। ਬਹੁਤਸਾਰੇ ਰਿਸ਼ਤੇਦਾਰ ਤੇ ਦੋਸਤਾਂ ਨੇ ਉਹਦੇ ਕਹਿਣ ਤੇ ਉਸ ਕਾਰੋਬਾਰ ਚ ਕਾਫੀ ਪੂੰਜੀ ਵੀ ਲਗਾਈ ਸੀ, ਪਰ ਵੱਡਾਘਾਟਾ

ਪੈਣ ਕਾਰਨ ਤੇ ਸਭ ਕੁਝ ਨਿਪਟਾ ਕੇ ਵੀ ਉਹ ਪੰਜ ਲੱਖ ਪੌਡਾਂ ਦਾ ਕਰਜਾਈ ਹੋ ਗਿਆ। ਉਸ ਨੂੰ ਬਹੁਤ ਲੋਕਾਂ ਨੇ ਬਹੁਤ ਸਾਰੀਆਂ ਸਲਾਹਾਂ ਵੀਦਿਤੀਆਂ ।ਇਸ ਦੇਸ਼ ਦੇ ਕਾਨੂੰਨ ਦਾ ਫਾਇਦਾ ਚੁਕਣ ਲਈ ਵੀ ਕਈਆਂ ਨੇ ਪੁੱਠੇ-ਸਿੱਧੇ ਰਾਹ ਸੁਝਾਏ।ਬੈਕਾਂ ਦੇ ਪੈਸੇ ਮਾਰਨੇ ਤਾਂ ਇਥੇ ਪੰਜਾਬੀ ਲੋਕ ਆਮ ਕਰਦੇ ਹੀ ਰਹਿੰਦੇ ਸਨ । ਦੀਵਾਲੀਏ ਹੋ ਜਾਣ ਦਾ ਢੌਂਗ ਵੀ ਅਕਸਰ ਲੋਕ ਰਚਦੇ ਹਨ, ਜਿਸ ਮੁਤਾਬਕ ਸਰਕਾਰ ਸਾਰੇ ਕਰਜਿਆਂ ਨਾਲ ਆਪ ਹੀ ਨਜਿੱਠਦੀ ਹੈ । ਪਰ ਮੋਹਣਇਸ ਸਭ ਕੁਝ ਨੂੰ ਸੁਣਨ ਬਾਅਦ ਵੀ ਟੱਸ ਤੋਂ ਮੱਸ ਨਾ ਹੋਇਆ। ਆਪਣੇ ਸੁਭਾਅ ਮੁਤਾਬਕ ਸਭ ਮੂਹਰੇ ਹੱਥ ਜੋੜ ਸਮਾਂ ਮੰਗਦਿਆਂ ਆਪਣੀ ਚਾਲੇ ਤੁਰਦਾ ਰਿਹਾ।

ਅਖੀਰ ਉਹ ਮਿਹਨਤ-ਮੁਸ਼ੱਕਤ ਕਰ ਪੂਰੇ ਪੰਜ ਲੱਖ ਪੌਂਡ ਦਾ ਕਰਜਾ ਹੌਲੀ ਹੌਲੀ ਵਾਪਸ ਕਰਦਾ ਗਿਆ। ਮੈਨੂੰ ਚੇਤੇ ਹੈ ਇਕ ਵਾਰੀ ਮੈਂ ਵਿਲਾਇਤ ਆਇਆ ਹੋਇਆ ਸਾਂ ਤਾਂ ਉਸ ਦੱਸਿਆ ਸੀ ਕਿ ਉਸੇ ਕਰਜੇ ਦੀ ਪੰਜ ਹਜਾਰ ਪੌਂਡ ਦੀ ਆਖਰੀ ਕਿਸ਼ਤ ਉਸੇ ਦਿਨ ਮੋੜਨ ਦਾ ਵਾਅਦਾ ਉਸ ਨੇ ਕੀਤਾ ਹੋਇਆ ਏ। ਵੁਲਵਰਹੈਂਪਟਨ ਵਿਚ ਇਸ ਰਕਮ ਨੂੰ ਅਦਾ ਕਰਕੇ ਤੇ ਨਾਲੇ ਲੋਕਾਂ ਦਾ ਸ਼ੁਕਰੀਆ ਅਦਾ ਕਰਨ ਲਈ ਇਕ ਆਖਰੀ ਸਮਾਗਮ ਕੀਤਾ ਗਿਆ । ਮੋਹਣ ਨੇ ਉਹ ਪੰਜ ਹਜਾਰ ਪੌਂਡ ਦਾ ਆਖਰੀ ਚੈਕ ਦੇ ਕੇ ਆਪਣੇ ਆਪ ਨੂੰ ਸੁਰਖਰੂ ਕਰਨ ਦੀ ਯੋਜਨਾ ਬਣਾਈ। ਉਸ ਫੰਕਸ਼ਨ ਦੀ ਪ੍ਰਧਾਨਗੀ ਦਾ ਜ਼ੁੰਮਾ ਮੇਰੇ ਤੇ ਲਾਇਆ ਗਿਆ ਤੇ ਉਹ ਆਖਰੀ ਰਕਮ ਜੋ ਕਿ ਇਕ ਟੈਕਸੀ ਡਰਾਈਵਰ ਨੂੰ ਵਾਪਸਕਰਨੀ ਸੀ, ਕੀਤੀ ਗਈ । ਉਸ ਫੰਕਸ਼ਨ ਉਪ੍ਰੰਤ ਮੈਂ ਮਨਮੋਹਣ ਨੂੰ ਖਾਸ ਨੀਝ ਨਾਲ ਦੇਖਦਾ ਰਿਹਾ ਤੇ ਮਹਿਸੂਸ ਕਰਦਾ ਰਿਹਾ ਕਿ ਫੰਕਸ਼ਨ ਖਤਮ ਹੋਣ ਬਾਅਦ ਮੋਹਣ ਦੀ ਤੋਰ ਤੇ ਮੂੰਹ ਉਪਰ ਜੁੱਸਾ ਹੀ ਕੁਝ ਹੋਰਲੱਗ ਰਿਹਾ ਸੀ। ਅੰਤਾਂ ਦਾ ਆਤਮ- ਵਿਸ਼ਵਾਸ...ਅੰਤਾਂ ਦਾ ਸਕੂਨ ਦੇਖਿਆ ਮੈਂ ਉਸ ਚ ਉਸ ਦਿਨ...ਉਥੇ ਹੀ ਮੈਨੂੰ ਆਜਾਦੀ ਘੁਲਾਟੀਆਂ ਦੀ ਲਾਈਨ ਚੇਤੇ ਆਈ ਜੋ ਮੈਂ ਅਕਸਰ ਉਹਦੇ ਬਾਰੇ ਗੁਣਗਣਾਉਂਦਾ ਰਹਿੰਦਾ ਹਾਂ :

**'ਦੋ ਪੈਰ ਘੱਟ ਤੁਰਨਾ ਪਰ ਤੁਰਨਾ ਮਟਕ ਦੇ ਨਾਲ..!'**

ਇਹ ਸਭ ਕੁਝ ਕਰਨ ਤੋਂ ਬਾਅਦ ਵੀ ਮੋਹਣ 'ਚ ਰੱਤੀ ਭਰ ਘੁਮੰਡ ਨਹੀਂ ਆਇਆ, ਸਗੋਂ ਉਹਦੀ ਤੋਰ ਤੇ ਚਿਹਰੇ ਤੇ ਆਤਮ-ਵਿਸ਼ਵਾਸ਼ ਅਲਗ ਹੀ ਆ ਗਿਆ ਸੀ । ਮਗਰੋਂ ਤੇ ਅਜ ਜਦੋਂ ਉਹ ਆਪਣੀ ਹਿੱਕ ਚੌੜੀ ਕਰਕੇ ਤੁਰਦਾ ਤਾਂ ਆਪਣੇ ਭਾਰਤੀ ਤੇ ਫਿਰ ਪੰਜਾਬੀ ਹੋਣ ਦਾ ਮਾਣ ਉਹਦੇ ਚੇਹਰੇ ਤੋਂ ਹੀ ਝਲਕਦਾ।

ਆਪਣੀ ਦੋਸਤੀ ਦੇ ਪੁਰਾਣੇ-ਨਵੇਂ ਰਿਸ਼ਤਿਆਂ ਦੀ ਗੰਢ-ਤਰੁੱਪ ਕਰਦਿਆਂ ਮੈਂ ਮੋਹਣ ਦੀ ਉਪ੍ਰੋਕਤ ਕਿਤਾਬ ਚ ਦਰਜ ਉਹਦੇ ਚੁਣੇ ਹੋਏ ਸ਼ਬਦ,ਪੜ੍ਹੇ ਤਾਂ ਐਸਾ ਸੁਆਦ ਪਨਪ ਆਇਆ ਕਿ ਇਸ ਦਾ ਪਾਠ ਮੁਕਾਇਆਂ ਹੀ ਬਣੀ।

ਉਹ ਬਰਤਾਨਵੀ ਦੂਤਾਵਾਸ ਵਲੋਂ ਆਏ ਉਸ ਖਤ ਨੂੰ ਆਪਣੀ ਜ਼ਿੰਦਗੀ ਦਾ ਇਕ ਮੀਲ-ਪੱਥਰ ਮੰਨਦਿਆਂ ਤੁਰਦਾ। ਇਹੀ ਵਿਸ਼ਵਾਸ ਉਸ ਨਾਲ ਤੁਰਦਿਆਂ ਮੈਂ ਅਕਸਰ ਮਹਿਸੂਸ ਕੀਤਾ। ਉਸਨੇ ਇਸ ਦੇਸ਼ ਵਿਚ ਕਦੇ ਆਪਣੇ ਆਪ ਨੂੰ ਪਰਵਾਸੀ ਨਹੀਂ ਸਮਝਿਆ ਜਿਵੇਂ ਕਿ ਆਮ ਲੋਕ ਉਦਰੇਵੇਂ ਦਾ ਢੋਲ ਵਜਾਉਂਦੇ ਹਨ। ਉਹ ਵਿਲਾਇਤੀ ਮਿੱਟੀ ਤੇ ਰਹਿ ਕੇਵੀ ਉਹੀ ਕਰਮ ਕਰਨਾ ਚਾਹੁੰਦਾ ਸੀ ਜੋ ਉਹ ਪੰਜਾਬ—ਯਾਣੀ ਆਪਣੀ ਜਨਮ ਭੂਮੀ ਤੇ ਰਹਿ ਕੇ ਕਰਨਾ ਲੋਚਦਾ ਸੀ। ਪਰ ਇਥੇ ਰਹਿ ਉਹਨੂੰ ਸੰਸਾਰ ਭਰ ਦੇ ਵੱਖੋ ਵਖ ਸਭਿਆਚਾਰਾਂ ਦਾ ਅਧਿਅਨ ਵੀ ਕਰਨ ਨੂੰ ਮਿਲਿਆ ਤੇ ਅਜ ਉਹ ਇਸ ਗੱਲ ਨੂੰ ਮਹਿਸੂਸ ਵੀ ਕਰਦਾ ਕਿ ਜੇ ਉਹ ਪਿੰਡ ਦੇ ਖੇਤਾਂ ਨਾਲ ਹੀ ਜੁੜਿਆ ਰਹਿੰਦਾ ਤਾਂ ਇਹ ਵਿਸ਼ਾਲ ਜਹਾਨ ਉਸਦੀ ਨਿਗਾਹ ਤੋਂ ਦੂਰ ਹੀ ਰਹਿ ਜਾਣਾ ਸੀ ਤੇ ਇਸੇ ਤਜਰਬੇ ਤੋਂ ਉਹ ਇਹ ਵੀ ਸਮਝਦਾ ਕਿ ਜੇ ਬਾਬਾ ਨਾਨਕ ਘਰੋਂ ਬਾਹਰ ਨਾ ਨਿਕਲਦਾ ਤਾਂ ਬਾਬਾ ਵੀ ਆਪਣੇ ਪਿਤਾ ਕਾਲੂ ਦੀਆਂ ਮੱਝੀਆਂ ਹੀ ਚਾਰਦਾ ਰਹਿੰਦਾ,ਤੇ 'ਗੁਰੂ' ਕਦੇ ਨਾ ਬਣਦਾ।ਆਪਣੇ ਘੇਰੇ 'ਚੋਂ ਬਾਹਰ ਨਿਕਲਕੇ ਜੋ ਪੂਰੇ ਬ੍ਰਹਿਮੰਡ ਚੋਂ ਸਮਝਣ ਦੀ ਖਾਹਿਸ਼ ਉਸ ਅੰਦਰ ਪੈਦਾ ਹੋਈ, ਤੇ ਉਸ ਦੀ ਪ੍ਰਾਪਤੀ ਹੀ ਉਸਦੀ ਕਾਮਯਾਬੀ ਦਾ ਵਿਸ਼ੇਸ਼ ਕਾਰਨ ਵੀ ਬਣਦੀ ਗਈ ਦਾ ਅਹਿਸਾਸ ਵੀ ਉਸ ਨੂੰ ਹੈ ।

ਦੂਜੇ ਅਧਿਆਏ 'ਚ ਉਹ ਬਰਤਾਨੀਆਂ 'ਚ ਆਏ ਲੋਕਾਂ, ਇਥੇ ਮਿਲਦੇ ਕੰਮਾਂ, ਉਨ੍ਹਾਂ ਦੀ ਕੰਮਾਂ 'ਚ ਕਾਮਯਾਬੀ ਦੇ ਆਧਾਰ, ਮਜ਼ਦੂਰੀ ਕਾਰਨ ਲੋਕਾਂ ਦੀਆਂ ਤਕਲੀਫਾਂ, ਆਪੋ ਆਪਣੇ ਕਿੱਤਿਆਂ 'ਚ ਅਸਮਾਨ ਛੂਹ ਸਕਣ ਦੀਆਂ ਸੰਭਾਵਨਾਵਾਂ ਤੇ ਬੁਲੰਦੀਆਂ ਨੂੰ ਛੂਹਣ ਦੇ ਮੌਕਿਆਂ ਦਾ ਇਜਹਾਰ ਕਰਦਿਆਂ ਉਹ ਆਪਣੇ ਅੱਜ ਵਾਲੇ ਹਾਸਿਲ ਦਾ ਜਿਕਰ ਕਰਦਿਆਂ ਅਹਿਸਾਨ ਫਰਾਮੋਸ਼ੀ ਵੀ ਨਹੀਂ ਕਰਦਾ, ਸਗੋਂ ਗੱਜ-ਵਜ ਕੇ ਗੇਵਿਨ ਥੌਮਸ ਦਾ ਸ਼ੁਕਰਗੁਜਾਰ ਹੁੰਦਾ ਜਿਸ ਨੇ ਮੋਹਣ ਨੂੰ ਆਪਣਾ ਪਲਾਂਟ ਖੜ੍ਹਾ ਕਰਨ ਲਈ ਆਪਣੀ ਜਿੰਦਗੀ ਭਰ ਦੇ ਤਜਰਬੇ ਦਾ ਦਾਨ ਕੀਤਾ ਤੇ ਉਹ ਕਾਮਯਾਬੀ ਦੀਆਂ ਬੁਲੰਦੀਆਂ ਤੇ ਪਹੁੰਚ ਸਕਿਆ। ਇਸੇ ਕਿਤਾਬ ਦੇ ਪੰਨੇ ਤੇਰਾਂ ਤੇ ਜਿੱਥੇ ਉਹ ਪੰਜਾਬੀ ਕਾਰੋਬਾਰੀ ਸੁਭਾਅ ਤੇ ਹਕੂਮਤ ਦੇ ਨਜ਼ਰੀਏ ਬਾਰੇ ਆਪਣਾ ਹਾਂ-ਪੱਖੀ ਹੁੰਗਾਰਾ ਭਰਦਿਆਂ ਬਰਤਾਨਵੀ ਨੀਤੀਆਂ ਦੀ ਸ਼ਲਾਘਾ ਕਰਦਾ ਉਥੇ ਹੀ ਉਹ ਪੰਨੇ ਬਾਰਾਂ ਤੇ ਪੰਜਾਬੀ ਤੇ ਬਰਤਾਨਵੀਂ ਕਾਰੋਬਾਰੀ ਢੰਗ ਦਾ ਮੁਆਇਨਾ ਵੀ ਕਰਦਾ ਹੈ। ਇਸ ਦੇ ਅੰਤ 'ਚ ਆਪਣੀ ਗੱਲ ਮੁਕਾਉਂਦਿਆਂ ਉਹ ਲਿਖਦਾ ਹੈ:

'ਬਰੇਵ ਮੈਨ ਆਰ ਵੀ

**ਐਂਡਬੀ ਇਟ ਅੰਡਰਸਟੂਡ**

**ਵੀ ਲੈਫਟ ਆਵਰ ਕੰਟਰੀ**

ਫਾਰ ਆਵਰ ਕੰਟਰੀ'ਸ ਗੁੱਡ
ਐਂਡ ਨਾਨ ਮੇ ਡਾਊਟ ਆਵਰ ਇੰਮੀਗਰੇਸ਼ਨ
ਇਜ ਆਫ ਗਰੇਟ ਵੈਲਿਯੂ ਟੂ ਦੀ ਬ੍ਰਿਟਿਸ਼ ਨੇਸ਼ਨ...।'

ਇਸੇ ਤਰ੍ਹਾਂ ਮੋਹਣ ਪੰਜਾਬੀ ਭਾਸ਼ਾ ਦੀ ਉਨਤੀ ਤੇ ਵਰਤੋਂ ਬਾਰੇ ਚਿੰਤਤ ਹੈ।ਵਿਲਾਇਤ 'ਚ ਮਾਪਿਆਂ ਨੇ ਪੰਜਾਬੀ ਜ਼ਬਾਨ ਸਿਖਾਉਣ ਲਈ ਕੀ ਗਤੀਵਿਧੀਆਂ ਅਪਨਾਈਆਂ, ਐਸ ਵੇਲੇ ਕੀ ਹਾਲਤ ਹਨ, ਕੀ ਕਰਨਾ ਚਾਹੀਦਾ, ਪੰਜਾਬੀ ਲੋਕ ਤੇ ਲੇਖਕਾਂ ਦੀ ਗੱਲ ਕਰਦਾ, ਪੰਜਾਬੀ ਪੀਹੜੀ ਦਰ ਪੀਹੜੀਇਥੇ ਖੁਸ਼ਹਾਲ ਹੁਦਿਆਂਦੀ ਗੱਲ ਕਰਦਾ, ਪੰਜਾਬੀ ਤੇ ਵਿਲਾਇਤੀ ਸੰਗੀਤ,ਇਸ ਦੇਸ਼ ਦੇ ਅਜੂਬੇ, ਇਤਿਹਾਸਕ ਘਟਨਾਵਾਂ ਦੀਆਂ ਤਸਵੀਰਾਂ ਲੱਭ ਲੱਭ ਇਸ ਪੁਸਤਕ 'ਚ ਪੇਸ਼ ਕਰਦਿਆਂ, ਆਪਣੇ ਕੀਤੇ ਕੰਮਾਂ ਜੋ ਕਿ ਮਿਸਾਲਾਂ ਹਨ--ਦਾ ਜ਼ਕਿਰ ਕਰਦਿਆਂ ਇਹ ਵੀ ਦੱਸਦਾ ਕਿ ਬਰਮਿੰਘਮ ਦੇ ਸੈਲਫਰਿਜ ਦੇ ਸਟੋਰ ਵੂਲਰਿੰਗ ਦੇ ਬਾਹਰ ਚਮਕਦੇ ਗੋਲਿਆਂ ਨੂੰ ਹੋਂਦ ਵਿਚ ਲਿਆਉਣ ਚਮੋਹਣ ਦੀ ਦੇਣ ਸ਼ਾਮਲ ਵੀ ਹੈ, ਜਿਸ ਨੂੰ ਇਥੋਂ ਦੀ ਸਰਕਾਰ ਬਹੁਤ ਮਾਣ ਨਾਲ ਲੋਕਾਂ ਨੂੰ ਦੱਸਦੀ ਹੈ, ਦਾ ਜਿਕਰ ਕਰਦਾ, ਆਪਣੇ ਜਜ਼ਬਾਤਾਂ, ਆਪਣੇ ਖ਼ਿਆਲਾਤ ਹਕੂਮਤ ਦੇ ਪ੍ਰਤੀਨਿਧਾਂ ਨਾਲ ਸਾਂਝੇ ਕਰਨ ਦੀ ਬਾਤ ਪਾਉਂਦਾ।
ਤੇ ਸਭ ਕੁਝ ਤੋਂ ਉਪਰ ਜਦ ਉਹ ਇਨਸਾਨੀਅਤ ਦੀ ਗੱਲ ਕਰਦਾ ਤਾਂ ਮੇਰੀ ਜਾਚੇ ਉਹ ਮੋਹਣ ਇਕ ਭਰਪੂਰ, ਆਤਮਵਿਸ਼ਵਾਸੀ, ਕਾਮਯਾਬ ਕਾਰੋਬਾਰੀ, ਕੁਦਰਤ ਤੇ ਉਹਦੀਆਂ ਨੇਅਮਤਾਂ ਦਾ ਸ਼ੁਦਾਈ, ਤੇ ਰੱਬ ਦੀ ਹਰ ਕਿਰਤ ਦਾ ਪੁਜਾਰੀ ਮਹਿਸੂਸ ਹੋਇਆ। ਧਕੀਆ-ਨੂਸੀ ਤੋਂ ਦੂਰ, ਭੰਬਲ-ਭੁਸੇ ਤੇ ਵਹਿਮਾਂ ਤੋਂ ਪਾਸੇ, ਆਪਣੇਨੱਕ ਦੀ ਸੇਧ 'ਚ ਇਮਾਨਦਾਰੀ ਨਾਲ ਤੁਰਨ ਵਾਲਾ ਇਨਸਾਨਬਣ ਉਤਰਿਆ ਮਨਮੋਹਣ ਸਿੰਘ ਮਹੇੜੂ ਮੇਰੀ ਨਜਰ 'ਚ ।

### ਹਾਸ-ਰੱਸ

**ਸੁਮੰਨ (ਰਮਨ ਨੂੰ), "ਮੇਰੇ ਪਾਪਾ ਬਹੁਤ ਡਰਪੋਕ ਹਨ।"**
**ਰਮਨੂ (ਸੁਮੰਨ ਨੂੰ), "ਕਿਵੇਂ?"**
**ਸੁਮੰਨ "ਜਦੋਂ ਵੀ ਸੜਕ ਪਾਰ ਕਰਦੇ ਹਨ, ਮੇਰੀ ਉਂਗਲੀ ਫੜ ਲੈਂਦੇ ਨੇ।"**

---

**ਸਬਜ਼ੀ ਵਾਲਾ ਸਬਜ਼ੀ 'ਤੇ ਪਾਣੀ ਛਿੜਕ ਰਿਹਾ ਸੀ। ਕਾਫ਼ੀ ਦੇਰ ਬਾਅਦ ਮਨਦੀਪ ਨੇ ਸਬਜ਼ੀ ਵਾਲੇ ਨੂੰ ਕਿਹਾ, "ਜੇ ਸਬਜ਼ੀ ਨੂੰ ਹੋਸ਼ ਆ ਗਿਆ ਹੈ ਤਾਂ ਇਕ ਕਿੱਲੋ ਗੋਭੀ ਦੇ ਦਿਓ।"**



## ਕਹਾਣੀ: ਸਮੇਂ ਦਾ ਸੱਚ

**ਸਤਪ੍ਰੀਤ ਸਿੰਘ**
*+91 95926 91220*

ਜ਼ਿਲ੍ਹਾ ਕਚਿਹਰੀਆਂ ਦਾ ਦ੍ਰਿਸ਼ ਸੀ। ਵਕੀਲਾਂ ਤੇ ਲੋਕਾਂ ਦਾ ਹਜੂਮ ਇੱਧਰ ਉੱਧਰ ਘੁੰਮ ਰਿਹਾ ਸੀ। ਮੱਖਣ ਸਿਉਂ ਇੱਕ ਨੰਬਰ ਦਰਵਾਜ਼ੇ ਬਾਹਰ ਖੜ੍ਹਾ ਕਿਸੇ ਨੂੰ ਉਡੀਕ ਰਿਹਾ ਸੀ। ਅੱਜ ਮੱਖਣ ਸਿਉਂ ਅੰਦਰੋਂ ਅੰਦਰੀਂ ਧੁਖਦਾ ਜਾ ਰਿਹਾ ਸੀ। ਦੂਜਿਆਂ ਦੇ ਝਗੜੇ ਪਿੰਡ ਵਿੱਚ ਹੀ ਨਿਬੜਾਉਣ ਵਾਲ਼ਾ ਮੱਖਣ ਸਿਉਂ ਅੱਜ ਖੁਦ ਕਚਿਹਰੀ ਵਿੱਚ ਹਾਜ਼ਰ ਸੀ। ਉਨ੍ਹਾਂ ਦੇ ਟੱਬਰ ਵਿੱਚੋਂ ਅੱਜ ਤੱਕ ਕਿਸੇ ਨੇ ਥਾਣੇ ਜਾਂ ਕਚਿਹਰੀ ਦਾ ਮੂੰਹ ਤੱਕ ਨਹੀਂ ਸੀ ਵੇਖਿਆ ਪਰ ਅੱਜ ਆਪਣੀ ਧੀ ਕਰਕੇ ਉਸਨੂੰ ਕਚਿਹਰੀ ਵਿੱਚ ਆਉਣਾ ਪੈ ਗਿਆ।

ਮੱਖਣ ਸਿਉਂ ਦੀ ਧੀ ਜਗਦੀਪ ਆਪਣੇ ਸਹਿਪਾਠੀ ਰਾਜਿੰਦਰ ਨਾਲ ਪ੍ਰੇਮ ਵਿਆਹ ਕਰਵਾਉਣਾ ਚਾਹੁੰਦੀ ਸੀ ਤੇ ਅੱਜ ਉਸਨੇ ਇਸੇ ਲਈ ਕਚਿਹਰੀ ਆਉਣਾ ਸੀ, ਜਿਸਦੀ ਭਿਣਕ ਮੱਖਣ ਸਿਉਂ ਨੂੰ ਪੈ ਗਈ ਸੀ। ਮੱਖਣ ਸਿੰਘ ਪ੍ਰੇਮ ਵਿਆਹ ਦੇ ਖਿਲਾਫ਼ ਨਹੀਂ ਸੀ ਪਰ ਰਾਜਿੰਦਰ ਨਾਲ ਵਿਆਹ ਦੇ ਖਿਲਾਫ਼ ਸੀ। ਅਸਲ ਵਿੱਚ ਰਾਜਿੰਦਰ ਇੱਕ ਉੱਚ ਘਰਾਣੇ ਦਾ ਲੜਕਾ ਸੀ ਜਿਹੜਾ ਨਸ਼ੇ ਦਾ ਆਦੀ ਸੀ। ਦੂਜਾ, ਕਿਉਂਕਿ ਜਗਦੀਪ ਆਪਣੇ ਮਾਪਿਆਂ ਦੀ ਇਕੱਲੀ ਧੀ ਸੀ, ਰਾਜਿੰਦਰ ਉਸਦੀ ਜ਼ਮੀਨ `ਤੇ ਵੀ ਅੱਖ ਰੱਖਦਾ ਸੀ। ਮੱਖਣ ਸਿਉਂ ਦੇ ਲੱਖ ਸਮਝਾਉਣ ਦੇ ਬਾਵਜੂਦ ਵੀ ਜਗਦੀਪ ਇਸ ਗੱਲ ਨੂੰ ਨਹੀਂ ਸੀ ਮੰਨਦੀ। ਮੱਖਣ ਸਿਉਂ ਇਸ ਤਰ੍ਹਾਂ ਕਿਵੇਂ ਆਪਣੀ ਧੀ ਦੀ ਜ਼ਿੰਦਗੀ ਬਰਬਾਦ ਹੋਣ ਦਿੰਦਾ, ਇਸ ਲਈ ਮੱਖਣ ਸਿਉਂ ਇੱਕ ਆਖਰ ਵਾਰ ਜਗਦੀਪ ਨੂੰ ਸਮਝਾਉਣਾ ਚਾਹੁੰਦਾ ਸੀ। ਜਗਦੀਪ ਦੀਆਂ ਸਹੇਲੀਆਂ ਨੇ ਵੀ ਕਈ ਵਾਰ ਰਾਜਿੰਦਰ ਦੀਆਂ ਮਾੜੀਆਂ ਹਰਕਤਾਂ ਬਾਰੇ ਜਗਦੀਪ ਨੂੰ ਦੱਸਿਆ ਪਰ ਉਲਟਾ ਜਗਦੀਪ ਉਨ੍ਹਾਂ ਨਾਲ ਹੀ ਲੜ ਪੈਂਦੀ ਸੀ।

ਥੋੜ੍ਹੀ ਦੇਰ ਬਾਅਦ ਜਗਦੀਪ ਆਪਣੇ ਪ੍ਰੇਮੀ ਨਾਲ਼ ਕਚਿਹਰੀ ਪਹੁੰਚ ਗਈ। ਇੱਕ ਵਾਰ ਤਾਂ ਆਪਣੇ ਬਾਪੂ ਨੂੰ ਵੇਖ ਦੇ ਉਹ ਹੱਕੀ ਬੱਕੀ ਰਹਿ ਗਈ ਪਰ ਛੇਤੀ ਹੀ ਹੋਸ਼ ਸੰਭਲ ਗਈ। ਉਸਨੇ ਵੀ ਵਿਆਹ ਕਰਵਾਉਣ ਦੀ ਜਿੱਦ ਬੰਨ੍ਹੀ ਹੋਈ ਸੀ। ਜਦੋਂ ਉਹ ਛੇਤੀ ਨਾਲ਼ ਦਰਵਾਜ਼ੇ ਦੇ ਅੰਦਰ ਜਾਣ ਲੱਗੀ ਤਾਂ ਮੱਖਣ ਸਿਉਂ ਨੇ ਉਸਦਾ ਰਾਹ ਰੋਕ ਲਿਆ। ਫ਼ਿਰ ਆਪਣੀ ਪੱਗ ਉਤਾਰ ਕੇ ਜਗਦੀਪ ਦੇ ਪੈਰਾਂ `ਚ ਰੱਖ ਦਿੱਤੀ। ਆਲ਼ੇ ਦੁਆਲ਼ੇ ਲੋਕ ਇਕੱਠੇ ਹੋ ਗਏ। ਜਗਦੀਪ ਦੇ ਪ੍ਰੇਮੀ ਰਾਜਿੰਦਰ ਨੇ ਮੱਖਣ ਸਿਉਂ ਦੀ ਪੱਗ ਨੂੰ ਲੱਤ ਮਾਰ ਕੇ ਉਛਾਲ ਕੇ ਪਰ੍ਹੇ ਸੁੱਟ ਦਿੱਤਾ। ਸਾਰੇ ਲੋਕ ਇਹ ਦ੍ਰਿਸ਼ ਵੇਖ ਕੇ ਹੈਰਾਨ ਹੋ ਗਏ। ਮੱਖਣ ਸਿਉਂ ਦੀਆਂ ਅੱਖਾਂ ਵਿੱਚੋਂ ਹੰਝੂ ਨਿਕਲ਼ ਆਏ। ਲੋਕ ਖੜ੍ਹੇ ਤੌਬਾ-ਤੌਬਾ ਕਰ ਰਹੇ ਸੀ।

ਜਗਦੀਪ ਮੂਕ ਖੜ੍ਹੀ ਸਭ ਕੁਝ ਵੇਖ ਰਹੀ ਸੀ। ਉਸਦੀ ਤਾਂ ਜਿਵੇਂ ਆਤਮਾ ਹੀ ਝੰਜੋੜੀ ਗਈ ਸੀ। ਉਸਨੂੰ ਆਪਣੇ ਕੀਤੇ ਤੇ ਪਛਤਾਵਾ ਹੋ ਰਿਹਾ ਸੀ। ਜੋ ਬੰਦਾ ਅੱਜ ਮੇਰੇ ਸਾਹਮਣੇ ਮੇਰੇ ਪਿਉ ਦੀ ਪੱਗ ਨੂੰ ਲੱਤ ਮਾਰ ਰਿਹਾ ਹੈ, ਹੋ ਸਕਦਾ ਕੱਲ੍ਹ ਨੂੰ ਉਹ ਮੈਨੂੰ ਵੀ ਲੱਤ ਮਾਰ ਦੇਵੇ।

ਰਾਜਿੰਦਰ ਨੇ ਜਗਦੀਪ ਦੀ ਬਾਂਹ ਫੜੀ ਤੇ ਉਸਨੂੰ ਕਚਿਹਰੀ ਅੰਦਰ ਲਿਜਾਣ ਲੱਗਾ। ਪਰ ਜਗਦੀਪ ਨੇ ਜ਼ੋਰ ਨਾਲ ਧੱਕਾ ਦੇ ਕੇ ਆਪਣਾ ਹੱਥ ਛੁਡਾ ਲਿਆ `ਤੇ ਇੱਕ ਥੱਪੜ ਰਾਜਿੰਦਰ ਦੇ ਜੜ੍ਹ ਦਿੱਤਾ। ਧੱਕਾ ਵੱਜਣ ਕਾਰਨ ਰਾਜਿੰਦਰ ਦੀ ਜੇਬ ਵਿੱਚੋਂ ਨਸ਼ੇ ਦੀ ਪੁੜੀ ਬਾਹਰ ਡਿੱਗ ਪਈ। ਇਹ ਸਭ ਵੇਖ ਕੇ ਉਹ ਹੈਰਾਨ ਹੋ ਗਈ। ਉਸਨੂੰ ਰਾਜਿੰਦਰ ਬਾਰੇ ਪਤਾ ਲੱਗੀਆਂ ਸਾਰੀਆਂ ਗੱਲਾਂ ਜਿਵੇਂ ਸੱਚ ਜਾਪਣ ਲੱਗ ਪਈਆਂ। ਛੇਤੀ ਨਾਲ਼ ਉਹ ਹੰਝੂ ਸਾਫ਼ ਮੱਖਣ ਸਿਉਂ ਦੀ ਪੱਗ ਵੱਲ ਵਧੀ `ਤੇ ਪੱਗ ਚੁੱਕ ਕੇ ਬਾਪੂ ਦੇ ਸਿਰ `ਤੇ ਸਜਾ ਦਿੱਤੀ। ਜਗਦੀਪ ਦੀਆਂ ਅੱਖਾਂ ਵਿੱਚੋਂ ਹੰਝੂ ਰੁਕਣ ਦਾ ਨਾਮ ਨਹੀਂ ਲੈ ਰਹੇ ਸਨ। ਉਸਦੀਆਂ ਅੱਖਾਂ ਵਿੱਚ ਪਛਤਾਵਾ ਸਾਫ਼ ਝਲਕ ਰਿਹਾ ਸੀ। ਹੰਝੂ ਤਾਂ ਮੱਖਣ ਸਿਉਂ ਦੇ ਵੀ ਨਹੀਂ ਸਨ ਰੁਕ ਰਹੇ ਪਰ ਇਹ ਖ਼ੁਸ਼ੀ ਦੇ ਹੰਝੂ ਸਨ ਕਿਉਂਕਿ ਉਸਦੀ ਧੀ ਨੂੰ ਸੱਚਾਈ ਦਾ ਪਤਾ ਚੱਲ ਚੁੱਕਾ ਸੀ। ਹੁਣ ਦੋਵੇਂ ਪਿਉ-ਧੀ ਛੇਤੀ ਨਾਲ਼ ਉੱਠੇ ਅਤੇ ਕਚਿਹਰੀ ਤੋਂ ਬਾਹਰ ਜਾਣ ਵਾਲ਼ੇ ਦਰਵਾਜ਼ੇ ਵੱਲ ਕੂਚ ਕਰ ਗਏ।



## ਕਹਾਣੀ : ਮੈਨੂੰ ਜਨਮ ਲੈਣ ਦਿਓ

**ਕੁਲਵਿੰਦਰ ਕੰਵਲ**

ਸੁਰਜੀਤ ਸਕੈਨਿੰਗ ਸੈਂਟਰ ਦੇ ਉਡੀਕ ਘਰ ਵਿਚ ਬੈਠੀ ਆਪਣੀ ਵਾਰੀ ਦੀ ਉਡੀਕ ਕਰ ਰਹੀ ਸੀ। ਇਸੇ ਸਕੈਨਿੰਗ ਸੈਂਟਰ ਵਿੱਚ ਉਹ ਦੋ ਵਾਰ ਪਹਿਲਾਂ ਵੀ ਆ ਚੁੱਕੀ ਸੀ। ਬੈਠੇ-ਬੈਠੇ ਉਹ ਅਤੀਤ ਦੀਆਂ ਯਾਦਾਂ ਵਿਚ ਗੁਆਚ ਗਈ।

ਇੱਕੀ ਵਰ੍ਹਿਆਂ ਦੀ ਲਗਰ ਵਰਗੀ ਪੜ੍ਹੀ-ਲਿਖੀ ਸੁਰਜੀਤ ਨੂੰ ਪਤੀ ਅਤੇ ਸਹੁਰੇ ਪਰਿਵਾਰ ਵੱਲੋਂ ਵਿਆਹ ਦੇ ਪਹਿਲੇ ਵਰ੍ਹੇ ਰੱਜਵਾਂ ਪਿਆਰ ਮਿਲਿਆ ਤਾਂ ਉਸ ਨੂੰ ਆਪਣੀ ਕਿਸਮਤ ਤੇ ਫ਼ਖਰ ਮਹਿਸੂਸ ਹੋਇਆ। ਉਸਦਾ ਹਸੂੰ- ਹਸੂੰ ਕਰਦਾ ਚਿਹਰਾ ਅਤੇ ਨਿੱਘਾ ਸੁਭਾਅ ਹਰ ਕਿਸੇ ਨੂੰ ਮੋਹ ਲੈਂਦਾ ।ਸਭ ਦੀ ਲਾਡਲੀ ਸੁਰਜੀਤ ਫੁੱਲੀ ਨਾ ਸਮਾਉਂਦੀ, ਪਰ ਉਸਦੀ ਇਹ ਖੁਸ਼ੀ ਬਹੁਤਾ ਚਿਰ ਕਾਇਮ ਨਾ ਰਹਿ ਸਕੀ। ਵਿਆਹ ਤੋਂ ਇੱਕ ਸਾਲ ਬਾਅਦ ਜਦੋਂ ਉਸਨੇ ਇੱਕ ਬੱਚੀ ਨੂੰ ਜਨਮ ਦਿੱਤਾ ਤਾਂ ਉਹ ਲਾਡ ਪਿਆਰ ਕਿਧਰੇ ਉੱਡ ਪੁੱਡ ਹੀ ਗਿਆ। ਉੱਪਰੋ ਥਲ਼ੀ ਜੰਮੀ ਦੂਜੀ ਕੁੜੀ ਨਾਲ ਉਸਦੀ ਹੋਰ ਵੀ ਬੇਕਦਰੀ ਹੋਣ ਲੱਗ ਪਈ। ਰੋਜ਼ ਰੋਜ਼ ਤਾਅਨੇ ਮਿਹਣੇ ਸੁਣ ਕੇ ਸਿਰ ਸੁੱਟ ਘਰ ਦਾ ਕੰਮ ਕਰੀ ਜਾਣਾ , ਬਸ ਏਹੋ ਹੀ ਉਸਦੀ ਜਿੰਦਗੀ ਦਾ ਹਿੱਸਾ ਬਣ ਚੁੱਕਾ ਸੀ। ਦੋ ਕੁੜੀਆਂ ਜੰਮਣ ਮਗਰੋਂ ਦੋ ਵਾਰ ਗਰਭ ਠਹਿਰਿਆ ਤਾਂ ਭਰੂਣ ਦਾ ਲਿੰਗ ਟੈਸਟ ਕਰਵਾ, ਮਾਦਾ ਹੋਣ ਕਾਰਨ, ਦੋਵੇਂ ਵਾਰ ਹੀ ਧੱਕੇ ਨਾਲ ਉਸਦਾ ਗਰਭ ਪਾਤ ਕਰਵਾ ਦਿੱਤਾ ਗਿਆ। ਉਸ ਨੂੰ ਯਾਦ ਸੀ ਕਿ ਦੂਜੀ ਵਾਰ ਲਿੰਗ ਟੈਸਟ ਕਰਵਾਉਣ ਅਤੇ ਉਸ ਤੋਂ ਬਾਅਦ ਗਰਭਪਾਤ ਕਰਵਾਉਣ ਤੋਂ ਇਨਕਾਰ ਕਰਨ ਤੇ ਉਸ ਦੇ ਪਤੀ ਅਤੇ ਸੱਸ ਵੱਲੋਂ ਸੁਰਜੀਤ ਦਿਆਂ ਹੱਡਾਂ ਨੂੰ ਬੁਰੀ ਤਰ੍ਹਾਂ ਸੇਕਿਆ ਗਿਆ ਸੀ।

... ਤੇ ਫੇਰ ਜਿਵੇਂ ਕੁਦਰਤ ਰੁੱਸ ਗਈ ਹੋਵੇ। ਬੱਚੇਦਾਨੀ ਕਮਜੋਰ ਹੋ ਜਾਣ ਕਾਰਣ ਦੋ ਗਰਭ ਆਪਣੇ ਆਪ ਖਰਾਬ ਹੋ ਗਏ ਤੇ ਹੁਣ ਜਦੋਂ ਤਿੰਨ ਮਹੀਨੇ ਪਹਿਲਾਂ ਇੱਕ ਵਾਰ ਫੇਰ ਉਹ ਗਰਭਵਤੀ ਹੋਈ ਤਾਂ ਸਾਰੇ ਪਰਿਵਰ ਦਾ ਧਿਆਨ ਗਰਭ ਦੇ ਤਿੰਨ ਮਹੀਨੇ ਪੂਰੇ ਹੋਣ ਤੇ ਲੱਗਿਆ ਹੋਇਆ ਸੀ ਤਾਂ ਕਿ ਲਿੰਗ ਟੈਸਟ ਕਰਵਾਇਆ ਜਾ ਸਕੇ। ਅੱਜ ਤਿੰਨ ਮਹੀਨੇ ਪੂਰੇ ਹੋਣ ਤੇ ਉਹ ਫੇਰ ਉਸੇ ਸਕੈਨਿੰਗ ਸੈਂਟਰ ਵਿੱਚ ਬੈਠੀ ਖਿਆਲਾਂ ਦੇ ਘੁੰਮਣਘੇਰੀ ਵਿਚ ਗੁਆਚੀ ਹੋਈ ਸੀ। ਉਸਨੂੰ ਇਕ ਅਜੀਬ ਕਿਸਮ ਦਾ ਧੁੜਕੂ ਲੱਗਾ ਹੋਇਆ ਸੀ। ਕਿਸੇ ਅਣਹੋਣੀ ਨੂੰ ਚਿਤਵ ਕੇ ਉਸ ਦੀ ਰੂਹ ਮੁੜ ਮੁੜ ਕੰਬ ਰਹੀ ਸੀ।

ਵਾਰੀ ਆਉਣ ਤੇ ਉਹ ਲੜਖੜਾਉਂਦੇ ਕਦਮਾਂ ਨਾਲ ਸਕੈਨਿੰਗ ਵਾਲੇ ਕਮਰੇ ਵਿਚ ਦਾਖਲ ਹੋਈ। ਸਕੈਨਿੰਗ ਕਰਦੇ ਡਾਕਟਰ ਦੇ ਚਿਹਰੇ ਦੇ ਹਾਵਭਾਵ ਦੇਖਣ ਲਈ ਉਸਨੇ ਨਜਰ ਗੱਡੀ ਹੋਈ ਸੀ। ਦਸ ਪੰਦਰਾਂ ਮਿੰਟ ਪਿੱਛੋਂ ਜਦੋਂ ਡਾਕਟਰ ਸਕੈਨਿੰਗ ਕਰ ਚੁੱਕਿਆ ਤਾਂ ਖੁਸ਼ਕ ਗਲੇ ਨਾਲ ਸੁਰਜੀਤ ਨੇ ਰਿਪੋਰਟ ਬਾਰੇ ਪੁੱਛਿਆ। ਡਾਕਟਰ ਨੇ "ਜੈ ਮਾਤਾ ਦੀ" ਕਹਿ ਕੇ ਇਸ਼ਾਰੇ ਨਾਲ ਉਸਨੂੰ ਸਮਝਾਇਆ ਤਾਂ ਉਸਦੇ ਪੈਰਾਂ ਹੇਠੋਂ ਜਮੀਨ ਖਿਸਕ ਗਈ। ਉਸਨੂੰ ਲੱਗਿਆ ਕੇ ਉਹ ਹੁਣੇ ਡਿੱਗ ਪਵੇਗੀ। ਬੀਤੇ ਸਾਲਾਂ ਵਿਚ ਪਤੀ ਅਤੇ ਸਹੁਰੇ ਪਰਿਵਾਰ ਵੱਲੋਂ ਦਿੱਤੇ ਗਏ ਸਰੀਰਕ ਅਤੇ ਮਾਨਸਿਕ ਅੱਤਿਆਚਾਰ ਨੂੰ ਚੇਤੇ ਕਰਕੇ ਉਸਦੇ ਲੂੰ ਕੰਡੇ ਖੜੇ ਹੋ ਗਏ। ਉਸਦੀ ਮਾਨਸਿਕ ਹਾਲਤ ਦੇਖ ਡਾਕਟਰ ਨੇ ਉਸਨੂੰ ਬੈਠ ਜਾਣ ਦਾ ਇਸ਼ਾਰਾ ਕੀਤਾ।

ਧੜ੍ਹਮ ਕਰਕੇ ਬੈਂਚ ਤੇ ਬੈਠੀ ਤੇ ਸੋਚਾਂ ਦੇ ਸਮੁੰਦਰ ਵਿਚ ਗੋਤੇ ਖਾਣ ਲੱਗੀ। ਕੁੱਖ ਵਿੱਚ ਮਾਰੀਆਂ ਪਹਿਲੀਆਂ ਦੋ ਧੀਆਂ ਦੇ ਲੋਥੜਿਆਂ ਨੂੰ ਗਲ ਨਾਲ ਲਾ ਕੇ ਉਹ ਬਹੁਤ ਕੀਰਨੇ ਪਾ ਚੁੱਕੀ ਸੀ। ਉਸਦੇ ਮਨ ਵਿਚ ਅਪਰਾਧ ਬੋਧ ਪੈਦਾ ਹੋ ਗਿਆ। ਉਸ ਨੂੰ ਜਾਪਿਆ ਜਿਵੇਂ ਉਸਦੀ ਕੁੱਖ ਵਿੱਚੋਂ ਕੋਈ ਅਵਾਜ਼ ਆ ਰਹੀ ਹੋਵੇ। ਮਮਤਾ ਦੇ ਕੰਨਾਂ ਨਾਲ ਸੁਣਨ ਦੀ ਕੋਸ਼ਿਸ਼ ਕੀਤੀ ਤਾਂ ਉਸਨੂੰ ਮਹਿਸੂਸ ਹੋਇਆ , ਜਿਵੇਂ ਕੁੱਖ ਵਿਚੋਂ ਧੀ ਪੁਕਾਰ ਰਹੀ ਹੋਵੇ ' ਮੈਨੂੰ ਜਨਮ ਲੈਣ

ਦਿਓ ! ' ਸੁਰਜੀਤ ਦੀ ਰੂਹ ਕੰਬ ਉੱਠੀ।ਉਸ ਨੇ ਇੱਕ ਪਲ ਸੋਚਿਆ ਤੇ ਫੈਸਲਾ ਕੀਤਾ ਕਿ ਇਸ ਵਾਰ ਉਹ ਆਪਣੀ ਕੁੱਖ ਦੀ ਅਵਾਜ਼ ਨੂੰ ਦੱਬਣ ਨਹੀਂ ਦੇਵੇਗੀ । ਤੇ ਫਿਰ ਇੱਕ ਦਮ ਪਤਾ ਨਹੀ ਉਸਨੂੰ ਕੀ ਹੋਇਆ, ਉਹ ਅੱਭੜ੍ਹਵਾਹੇ ਉੱਠ, ਉੱਚੀ ਉੱਚੀ "ਮੈਨੂੰ ਜਨਮ ਲੈਣ ਦਿਓ, ਮੈਨੂੰ ਜਨਮ ਲੈਣ ਦਿਓ" ਕਹਿੰਦੀ ਹੋਈ ਵਾਹੋਦਾਹੀ ਸਕੈਨਿੰਗ ਸੈਂਟਰ ਵਿਚੋਂ ਨਿੱਕਲ ਗਈ। ਉਸਦੇ ਨਾਲ ਆਇਆ ਉਸਦਾ ਪਤੀ ਅਤੇ ਸੱਸ ਹੱਕੇ ਬੱਕੇ ਉਸਨੂੰ ਦੇਖਦੇ ਹੀ ਰਹਿ ਗਏ।



## ਮਿੰਨੀ ਕਹਾਣੀ : ਲੰਗਰ

**ਸੰਜੀਵ ਸੈਣੀ**

ਇੱਕ ਧਾਰਮਿਕ ਅਸਥਾਨ 'ਤੇ ਸਾਲਾਨਾ ਸਮਾਗਮ ਚੱਲ ਰਿਹਾ ਸੀ। ਨਾਲ ਲੱਗੇ ਪੰਡਾਲ 'ਚ ਵੱਡੀ ਗਿਣਤੀ ਲੋਕ ਲੰਗਰ ਸ਼ੁਰੂ ਹੋਣ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਸਨ। ਬਹੁਤ ਸਾਰੇ ਗਰੀਬ ਘਰਾਂ ਦੇ ਬੱਚੇ ਭੁੱਖ ਤੇ ਪਿਆਸ ਨਾਲ ਤਰਾਹ ਤਰਾਹ ਕਰ ਰਹੇ ਸਨ। ਲੰਗਰ ਨਿਸ਼ਚਿਤ ਸਮੇਂ 'ਤੇ ਸ਼ੁਰੂ ਨਾ ਹੋਣ ਕਾਰਨ ਹਰੇਕ ਪਾਸੇ ਘੁਸਰ-ਮੁਸਰ ਹੋਣ ਲੱਗੀ। ਮੈਂ ਹਿੰਮਤ ਜਿਹੀ ਕਰ ਪਬੰਧਕਾਂ ਨੂੰ ਲੰਗਰ ਸ਼ੁਰੂ ਨਾ ਹੋਣ ਦਾ ਕਾਰਨ ਪੁੱਛਿਆ ਤਾਂ ਜਵਾਬ ਮਿਲਿਆ ਕਿ ਲੰਗਰ ਦਾ ਉਦਘਾਟਨ ਕਰਨ ਵਾਲੇ ਮੁੱਖ ਮਹਿਮਾਨ ਦੀ ਉਡੀਕ ਕੀਤੀ ਜਾ ਰਹੀ ਹੈ।






## ਕਹਾਣੀ : ਸਫ਼ਰ

ਵਰਿੰਦਰ ਆਜ਼ਾਦ
+91 98150 21527

ਦੋ ਵਾਰ ਵਿਕਰਮ ਨੇ ਦੱਸਵੀਂ ਦੇ ਪੇਪਰ ਦਿੱਤੇ ਪਹਿਲੇ ਉਹ ਦੋ ਪੇਪਰਾਂ 'ਚ ਫੇਲ੍ਹ ਹੋਇਆ ਤੇ ਫਿਰ ਉਹ ਤਿੰਨ ਪੇਪਰਾਂ 'ਚ ਫੇਲ੍ਹ ਹੋ ਗਿਆ। ਪਿਉ ਦੀ ਤਾਂ ਇਹੋ ਕੋਸ਼ਿਸ਼ ਸੀ ਉਸ ਦਾ ਬੇਟਾ ਪੜ੍ਹ ਲਿਖ ਜਾਵੇ ਤਾਂ ਉਸ ਦੀ ਜਿੰਦਗੀ ਬਣ ਜਾਵੇ। ਪਿਉ ਖੁੱਦ ਅੱਤ ਦੀ ਗਰੀਬੀ ਤੋਂ ਉੱਠਿਆ, ਖੱਦਰ ਦਾ ਕੁੜਤਾ ਪਜਾਮਾ ਪਾ ਕੇ ਦੀਵੇ ਦੀ ਰੌਸ਼ਨੀ ਵਿਚ ਪੜ੍ਹਦਾ ਰਿਹਾ ਸੀ। ਸਾਰਾ –ਸਾਰਾ ਦਿਨ ਮਾਂ ਪਿਉ ਨਾਲ ਕੰਮ ਕਰਵਾਉਂਦਾ, ਹੱਦੋ ਵੱਧ ਮਿਹਨਤ ਕਰਕੇ ਸਰਕਾਰੀ ਨੌਕਰੀ ਤੇ ਲੱਗਿਆ ਸੀ। ਢਿੱਡ ਦੀ ਭੁੱਖ, ਪੈਸੇ ਦੀ ਤੰਗੀ ਦਾ ਉਸ ਨੂੰ ਇਹ ਅਹਿਸਾਸ ਸੀ ਜਦ ਬੰਦੇ ਕੋਲ ਪੈਸੇ ਨਹੀਂ ਹੁੰਦੇ ਦੁਨੀਆਂ ਤਾਂ ਦੂਰ ਦੀ ਗੱਲ ਆਪਣਾ ਪਰਛਾਵਾਂ ਵੀ ਸਾਥ ਛੱਡ ਜਾਂਦਾ ਹੈ। ਉਹ ਨਹੀਂ ਚਾਹੁੰਦਾ ਸੀ ਕਿ ਜਿਸ ਮਾੜੇ ਦੌਰ 'ਚ ਉਹ ਲਘਿਆ ਹੈ, ਉਸ ਦੀ ਔਲਾਦ ਵੀ ਇਸ ਦੌਰ 'ਚ ਲੰਘੇ। ਉਹ ਸਾਰੇ ਪ੍ਰਵਾਰ ਤੋ ਦੂਰ ਆਪਣੇ ਬੱਚਿਆ ਨਾਲ ਰਿਹਾ ਸੀ ਸਰਕਾਰੀ ਮੁਲਾਜ਼ਮ ਹੋਣ ਕਰਕੇ ਉਸ ਦੀ ਬਦਲੀ ਕਦੀ ਇਸ ਸ਼ਹਿਰ ਤੇ ਕਦੀ ਦੂਸਰੇ ਸ਼ਹਿਰ। ਵਿਕਰਮ ਦਾ ਵੱਡਾ ਭਰਾ ਰਾਹੁਲ, ਪੜ੍ਹਾਈ 'ਚ ਚੰਗਾ ਨਿਕਲਿਆ। ਹਾਈ ਸਕੂਲ ਕਰਨ ਦੇ ਬਾਅਦ ਦਸਤਕਾਰੀ ਦਾ ਕੋਰਸ ਕਰਨ ਦੇ ਬਾਅਦ ਪਿਉ ਦੀ ਤਰ੍ਹਾਂ ਉਸ ਨੂੰ ਵੀ ਸਰਕਾਰੀ ਨੌਕਰੀ ਮਿਲ ਗਈ। ਪਿਉ ਨੂੰ ਵੱਡੇ ਪੁੱਤ ਦਾ ਫ਼ਿਕਰ ਤਾਂ ਨਹੀਂ ਸੀ ਛੋਟੇ ਦਾ ਜਰੂਰੀ ਸੀ। ਇੱਕ ਤਾਂ ਪੜ੍ਹਾਈ 'ਚ ਨਲਾਇਕ ਦੂਜਾ ਸਰੀਰਕ ਪੱਖੋ ਕਮਜ਼ੋਰ ਅੱਤ ਦਾ ਅੜੀਅਲ ਦੁਨੀਆਦਾਰੀ ਦਾ ਕੁੱਝ ਪਤਾ ਨਹੀਂ ਸੀ ਉਸ ਨੂੰ।

"ਸ਼ਾਤੀ ਮੇਰਾ ਤਾਂ ਦਿਮਾਗ ਖ਼ਰਾਬ ਹੋਇਆ ਪਿਆ ਹੈ, ਇਸ ਮੁੰਡੇ ਦਾ ਕੀ ਬਣੇਗਾ ...? ਮੈਂ ਕਿਹੜਾ ਵਪਾਰੀ ਹਾਂ ਜਿਹੜਾ ਇਸਨੂੰ ਪੈਸਾ ਖਰਚ ਕੇ ਕਾਰੋਬਾਰ ਕਰਵਾ ਦੇਵਾਂ। ਇਕ ਇਹ ਤਾਂ ਕੰਜਰ ਦੱਸਵੀਂ 'ਚ ਦੋ ਵਾਰ ਫੇਲ੍ਹ ਹੋ ਗਿਆ ਮੈਨੂੰ ਤਾਂ ਸ਼ਰਮ ਆਉਂਦੀ ਹੈ। ਅੱਤ ਦੀ ਗਰੀਬੀ 'ਚ ਉੱਠ ਕੇ ਅਸੀਂ ਸ਼ਹਿਰ ਆਏ ਹਾਂ ਸੋਚਿਆ, ਵੱਡਾ ਸ਼ਹਿਰ ਹੈ ਸਾਡੇ ਬੱਚੇ ਲਾਇਕ ਬਨਣਗੇ। ਨਾਲ ਦੇ ਮੇਰੇ ਦੋਸਤਾਂ ਦੇ ਬੱਚੇ ਕੋਈ ਡਾਕਟਰੀ ਦੀ ਪੜ੍ਹਾਈ ਕਰਨ ਲਈ ਤਿਆਰ, ਕੋਈ ਇਨਜੰਨੀਅਰ ਬਣਨ ਕਈ ਤਿਆਰ ਬੈਠਾ। ਸਾਡਾ ਸਾਹਬ ਬਹਾਦਰ ਦਸਵੀਂ 'ਚ ਦੋ ਵਾਰ ਫੇਲ੍ਹ ਹੋ ਗਿਆ। ਅਸੀਂ ਚਾਹੇ ਜਿੰਨ੍ਹਾਂ ਮਰਜ਼ੀ ਔਖੇ ਹੋਏ ਪਰ ਇਨ੍ਹਾਂ ਬੱਚਿਆ ਦੀ ਸਹੂਲਤਾਂ ਦਾ ਪੂਰੇ ਦਾ ਪੂਰਾ ਧਿਆਨ ਰੱਖਿਆ। ਬੱਚੇ ਫਿਰ ਵੀ ਨਾ ਪੜ੍ਹਣ ਤਾਂ ਮਨ ਨੂੰ ਦੁੱਖ ਤਾਂ ਲੱਗੇਗਾ ਹੀ। ਇਹ ਜਿੰਦਗੀ 'ਚ ਅਸੀਂ

ਸਾਰੀ ਉਮਰ ਤਾਂ ਇਸ ਦੇ ਨਾਲ ਤਾਂ ਨਹੀਂ ਰਹਿਣਾ। ਪਤਾ ਨਹੀ ਕੀ ਕਰੇਗਾ ? ਮੇਰੇ ਤਾਂ ਕੁੱਝ ਵੀ ਪੱਲੇ ਨਹੀਂ ਪੈ ਰਿਹਾ.....।"

"ਤੁਸੀਂ ਕਿਉਂ ਹੌਂਸਲਾ ਛੱਡੀ ਬੈਠੇ ਹੋ ਮਨ ਨੂੰ ਦੁੱਖ ਤਾਂ ਹੁੰਦਾ ਹੈ, ਪਰ ਕੀਤਾ ਵੀ ਕੀ ਜਾਵੇ ? ਪਰ ਜੀ, ਵੇਖੋ ਪੜ੍ਹਾਈ ਬਗੈਰ ਕਰਮਾਂ ਦੇ ਨਹੀਂ ਹੁੰਦੀ। ਆਪ ਹੀ ਕੋਈ ਕੰਮ ਸਿੱਖ ਜਾਵੇਗਾ। ਰੱਬ ਸਭ ਵੇਖਦਾ ਹੈ। ਆਲਾ-ਭੋਲਾ ਮੇਰਾ ਪੁੱਤ ਹੈ ਕੋਈ ਐਬ ਨਹੀਂ ਮੇਰੇ ਪੁੱਤ 'ਚ, ਇਹ ਸਭ ਕਰਮਾਂ ਦੀਆਂ ਗੱਲਾਂ ਹਨ। ਮੈਨੂੰ ਕਿਹੜਾ ਘੱਟ ਦੁੱਖ ਹੈ.........?"

"ਮੇਰੀ ਕਿਹੜੀ ਇਨ੍ਹੀਂ ਜਾਣ ਪਹਿਚਾਣ ਹੈ ਫਿਰ ਕਾਰਖਾਨਿਆਂ ਵਿੱਚ ਕੰਮ ਕਰਨਾ ਤੇ ਸਿੱਖਣਾ ਕਿਹੜਾ ਸੌਖਾ ਹੁੰਦਾ ਹੈ। ਇਹ ਤਾਂ ਸੋਲ ਜਿਹਾ ਵੀ ਬਹੁਤ ਹੈ, ਕੀ ਕਰੇਗਾ ? ਇਸ ਨੂੰ ਗੁੱਸਾ ਵੀ ਬਹੁਤ ਆਉਂਦਾ ਹੈ। ਇਹ ਗੱਲ-ਗੱਲ ਤੇ ਗੁੱਸੇ ਹੋ ਜਾਂਦਾ ਹੈ। ਅਸੀਂ ਵੇਖਦੇ ਹਾਂ ਛੋਟੇ –ਛੋਟੇ ਬੱਚੇ ਕਾਰਖਾਨਿਆਂ 'ਚ ਕੰਮ ਕਰਦੇ ਹਨ। ਸ਼ਰਾਬ, ਪਾਨ, ਤੰਬਾਕੂ ਪਤਾ ਨਹੀਂ ਕਿੰਨ੍ਹੇ –ਕਿੰਨ੍ਹੇ ਨਸ਼ੇ ਕਰਦੇ ਹਨ। ਉਸਤਾਦ ਲੋਕ ਕੰਮ ਸਿਖਣ ਵਾਲਿਆਂ ਕੋਲੋ ਚਾਹ ਵਗੈਰਾ ਮੰਗਵਾਉਂਦੇ ਹਨ, ਕੰਮ ਸਿਖਾਉਂਦੇ ਹਨ ਜਾਂ ਨਹੀਂ ਉਹ ਜਾਣਦੇ ਜਾਂ ਫਿਰ ਭਗਵਾਨ। ਸਾਰੀ ਦਿਹਾੜੀ ਮੱਤ ਵੱਖਰੀ ਮਾਰਦੇ...।"

"ਤੁਹਾਡੀ ਕਿਹੜੀ ਜਾਣ ਪਹਿਚਾਣ ਘੱਟ ਹੈ ਕੱਪੜੇ ਵਾਲੇ, ਸੀਮਿੰਟ, ਟਰਾਂਸਪੋਰਟ, ਦੁਕਾਨਾਂ ਦਾ ਕਿਹੜਾ ਬੰਦਾ ਤੁਹਾਨੂੰ ਨਹੀਂ ਜਾਣਦਾ ? ਤੁਸੀਂ ਸਭ ਦੇ ਕੰਮ ਕਰਵਾਉਂਦੇ ਰਹਿੰਦੇ ਹੋ ਤੁਹਾਡਾ ਕੋਈ ਇਨ੍ਹਾਂ ਕੰਮ ਨਹੀਂ ਕਰੇਗਾ ਇਨ੍ਹੇ ਵੱਡੇ ਬਦਿਆ ਵਾਸਤੇ ਵਿਕਰਮ ਨੂੰ ਸੈਟ ਕਰਨਾ ਕਿਹੜਾ ਔਖਾ ਕੰਮ ਹੈ.......?"

"ਸ਼ਾਤੀ ਗੱਲਾਂ ਕਰਨੀਆਂ ਸੌਖੀਆਂ ਹੁੰਦੀਆਂ ਨੇ ਕੰਮ ਕਰਨੇ ਔਖੇ ਹੁੰਦੇ ਹਨ। ਅਗਰ ਤੂੰ ਕਹਿੰਦੀ ਹੈ ਤਾਂ ਕਿਸੇ ਨਾਲ ਗੱਲ ਕਰਾਂਗਾ ਅੱਗੋ ਇਸ ਦੀ ਕਿਸਮਤ। ਇਸ ਦੀ ਕਿਸਮਤ ਚੰਗੀ ਹੋਵੇਗੀ ਤਾਂ ਸਾਡੇ ਵੀ ਦਿਨ ਸੌਖੇ ਕੱਟੇ ਜਾਣਗੇ ...।"

ਦੌਲਤ ਰਾਮ ਦੀ ਚੰਗੇ-ਚੰਗੇ ਵਪਾਰੀਆ ਨਾਲ ਜਾਣ ਪਹਿਚਾਣ ਹੈ। ਉਸ ਦਾ ਮਹਿਕਮਾ ਹੀ ਵਪਾਰੀਆਂ ਅਤੇ ਦੁਕਾਨਾਂ ਫੈਕਟਰੀਆ ਨਾਲ ਸਬੰਧ ਰੱਖਦਾ ਹੈ। ਦੌਲਤ ਰਾਮ ਦਾ, ਇੱਕ ਕੱਪੜੇ ਦਾ ਚੰਗਾ ਵਪਾਰੀ ਗੋਪਾਲ ਸ਼ੰਕਰ ਬਹੁਤ ਚੰਗਾ ਦੋਸਤ ਹੈ। ਹਰ ਦੁੱਖ ਸੁੱਖ 'ਚ ਭਾਈ ਵਾਲਾ ਸਮਝ ਲਉ ਪੱਗ ਵੱਟ ਭਰਾ ਹੀ ਹੈ ਲੇਕਿਨ ਹੈ ਪੱਕਾ ਬਿਜਨੈਸ ਮੈਨ। ਉਸ ਨਾਲ ਦੌਲਤ ਰਾਮ ਨੇ ਆਪਣੇ ਮੁੰਡੇ ਬਾਰ੍ਹੇ ਗੱਲ ਕੀਤੀ।

ਗੋਪਾਲ ਸ਼ੰਕਰ ਜੀ ਇੱਕ ਫ਼ਿਕਰ ਮੈਨੂੰ ਦਿਨ ਰਾਤ ਸਤਾ ਰਿਹਾ ਹੈ। ਤੁਸੀਂ ਮੇਰੇ ਦੋਸਤ ਹੋ ਤੁਹਾਡੇ ਨਾਲ ਦੁੱਖ ਸੁੱਖ ਸਾਂਝੇ ਕਰਦਾ ਹੈ। ਮੇਰੀ ਕੁੱਝ ਮਦਦ ਕਰੋ...... ?

"ਕਿਉਂ ਨਹੀਂ ਦੌਲਤ ਰਾਮ ਜੀ ਅਸੀਂ ਦੋਸਤ ਹੀ ਨਹੀਂ ਅਸੀਂ ਤਾਂ ਭਰਾ-ਭਰਾ ਵੀ ਹਾਂ। ਤੁਸੀਂ ਦੱਸੋ ਤਾਂ ਮੇਰੀ ਪੂਰੀ ਕੋਸ਼ਿਸ਼ ਹੋਵੇਗੀ ਤੁਹਾਡੀ ਮਸਲੇ ਨੂੰ ਹੱਲ ਕੀਤਾ ਜਾਣਾ...... ।

"ਗੋਪਾਲ ਸ਼ੰਕਰ ਜੀ ਤਹਾਨੂੰ ਉਹ ਪਤਾ ਹੈ। ਅਸੀਂ ਅੱਤ ਦੀ ਗਰੀਬੀ ਤੋਂ ਉਠ ਕੇ ਇਥੋ ਤੱਕ ਪਹੁੰਚੇ ਹਾਂ। ਭਗਵਾਨ ਦੀ ਕਿਰਪਾ ਨਾਲ ਸ਼ਹਿਰ 'ਚ ਚੰਗੀ ਇੱਜ਼ਤ ਮਿਲੀ ਹੈ। ਫਿਰ ਤੁਹਾਡੀ ਵਰਗੇ ਭਰਾਵਾਂ ਦਾ ਸਾਥ ਮੇਰੇ ਜੱਦੀ ਪਿੰਡ ਅਤੇ ਸੋਹਰੇ ਪਿੰਡ ਦੇ ਅਤੇ ਹੋਰ ਨੇੜੇ-ਨੇੜੇ ਦੇ ਕਈ ਲੋਕ ਮੇਰੇ ਕੋਲ ਆਣ –ਆਣ ਰਹੇ। ਕਈਆਂ ਡਾਕਟਰੀ, ਇੰਜਨੀਅਰਿੰਗ ਅਤੇ ਹੋਰ ਸਭ ਡਿਗਰੀਆਂ ਕੀਤੀਆਂ ਅਤੇ ਆਪਣੇ-ਆਪਣੇ ਘਰ ਜਾ ਕੇ ਸੈੱਟ ਹੋ ਗਏ। ਜਦ ਆਪਣੇ ਬੱਚੇ ਜਵਾਨ ਹੋਣ ਤਾਂ ਦੱਸਣ ਲੱਗਿਆ ਵੀ ਸ਼ਰਮ ਆਉਂਦੀ ਹੈ ਦੁੱਖ ਵੀ ਕਾਫੀ ਲੱਗਦਾ ਹੈ। ਆਪਣਾ ਦੁੱਖੜਾ ਤੁਹਾਡੀ ਕੋਲ ਨਾ ਰੋਵਾਂ ਤਾਂ ਕਿਸ ਕੋਲ ਰੋਵਾਂ.... ?"

"ਦੌਲਤ ਰਾਮ ਜੀ ਤੁਸੀਂ ਗੱਲ ਤਾਂ ਕਰੋ ਅਖਰ ਗੱਲ ਕੀ ਹੈ ਕਿਉਂ ਇਨਾਂ ਦੁੱਖੀ ਹੁੰਦੇ ਪਏ ਹੋ ? ਮੈਂ ਜਦ ਕਿਹਾ ਕਿ ਜੋ ਮੇਰੇ ਵੱਸ 'ਚ ਹੋਵੇਗਾ, ਉਹ ਜਰੂਰ ਕਰਾਂਗਾ। ਫਿਰ ਇਹੋ ਜਿਹੀ ਕਿਹੜੀ ਸੱਮਸਿਆ ਹੈ ਜਿਸ ਦਾ ਹੱਲ ਨਹੀਂ। ਹਰ ਮੁਸ਼ਕਲ ਦਾ ਹੱਲ ਹੁੰਦਾ ਹੈ ਬਸ ਬੰਦੇ ਨੂੰ ਹੌਂਸਲਾ ਰੱਖਣਾ ਚਾਹੀਦਾ ਹੈ.....।"

"ਗੋਪਾਲ ਸ਼ੰਕਰ ਜੀ ਤੁਹਾਨੂੰ ਤਾਂ ਪਤਾ ਹੈ ਮੇਰੇ ਦੋ ਬੇਟੇ ਤੇ ਬੇਟੀ ਹੈ। ਵੱਡਾ ਬੇਟਾ ਪੜ੍ਹ ਲਿਖ ਗਿਆ ਹੈ ਸੁੱਖ ਨਾਲ ਸਰਕਾਰੀ ਨੌਕਰੀ ਵੀ ਉਸ ਨੂੰ ਮਿਲ ਗਈ ਹੈ ਬੇਟੀ ਹਾਲੀ ਛੋਟੀ ਹੈ.....।"

"ਹਾਂ ਠੀਕ ਹੈ ਤੁਸੀਂ ਗੱਲ ਤਾਂ ਕਰੋ......।"

"ਗੱਲ ਕੀ ਕਰਨੀ ਹੈ ਛੋਟਾ ਬੇਟਾ ਹੈ ਨਾ ਵਿਕਰਮ, ਦੱਸਵੀਂ 'ਚ ਦੋ ਵਾਰ ਫੇਲ੍ਹ ਹੋ ਗਿਆ ਹੈ। ਸਰੀਰਕ ਪੱਖੋ ਵੀ ਸੋਹਲ (ਕਮਜ਼ੋਰ) ਹੈ, ਨਜ਼ਰ ਵੀ ਉਸ ਦੀ ਕਮਜ਼ੋਰ। ਮੇਰੇ ਕੋਲ ਇਨ੍ਹਾਂ ਪੈਸਾ ਨਹੀਂ ਜਿਹੜਾ ਕੀ ਮੈ ਉਸ ਨੂੰ ਕੋਈ ਕਾਰੋਬਾਰ ਕਰਵਾ ਦੇਵਾਂ। ਫੈਕਟਰੀਆਂ 'ਚ ਕੰਮ ਸਿੱਖਣਾ ਉਸ ਦੇ ਵੱਸ ਦਾ ਰੋਗ ਨਹੀਂ ਦੁਕਾਨਾਂ ਤੇ ਵੀ ਬੰਦੇ ਦੀ ਕਿਹੜੀ ਚੰਗੀ ਹਾਲਤ ਹੁੰਦੀ ਹੈ ਜੋ ਸੂਰਜ ਚੜ੍ਹਣ ਤੇ ਬੰਦਾ ਦੁਕਾਨ ਦੇ ਅੰਦਰ ਜਾਂਦਾ ਹੈ ਫਿਰ ਸਾਰੀ ਦਿਹਾੜੀ ਮਾਲਕ ਦੀ ਗੁਲਾਮੀ ਕਰਕੇ ਰਾਤ ਸੌਣ ਦੇ ਸਮੇਂ ਆਪਣੇ ਘਰ ਨੂੰ ਜਾਂਦਾ ਹੈ। ਵਿਕਰਮ ਕਿਸੇ ਦੀ ਘੱਟ ਹੀ ਗੱਲ ਸੁਣਦਾ ਹੈ। ਕਿਤੇ ਅੰਦਰ ਬਾਹਰ ਗਿਆ ਨਹੀਂ ਦੁਨੀਆਦਾਰੀ ਪੱਖੋ ਪੂਰਾ ਲੱਲੂ। ਮੇਰੀ ਸਮਝ 'ਚ ਕੁੱਝ ਨਹੀਂ ਆਉਂਦਾ ਪਤਾ ਨਹੀਂ ਉਸ ਦਾ ਕੀ ਬਣੇਗਾ ਅੱਜ ਕੱਲ੍ਹ ਇੰਨ੍ਹੇਂ-ਇੰਨ੍ਹੇਂ ਪੜ੍ਹੇ ਲਿਖੇ ਧੱਕੇ ਖਾਂਦੇ ਫਿਰਦੇ ਹੈ ਫਿਰ ਇਸ ਅਨਪੜ੍ਹ ਮੁੰਡੇ ਨੂੰ ਕੌਣ ਪੁੱਛੂਗਾ......?

"ਗੱਲ ਤਾਂ ਤੁਹਾਡੀ ਸੋਲਾਂ ਆਨੇ ਠੀਕ ਹੈ ਦੌਲਤ ਰਾਮ ਜੀ ਬੰਦੇ ਨੂੰ ਸਚਾਈ ਦਾ ਅਹਿਸਾਸ ਹੋਣ ਚਾਹੀਦਾ ਹੈ ਅਤੇ ਸਚਾਈ ਨੂੰ ਸਵੀਕਾਰ ਕਰਨਾ ਚਾਹੀਦਾ ਹੈ। ਇਹ ਸਿਆਣੇ ਅਤੇ ਜਿੰਦਗੀ ਸੁਲਝੇ ਬੰਦੇ ਦੀ

ਪਹਿਚਾਣ ਹੈ। ਤੁਹਾਡੀ ਇਸ ਸੋਚ ਤੋ ਮੈ ਬਹੁਤ ਖੁਸ਼ ਹਾਂ ਤੁਸੀਂ ਜਿੰਦਗੀ ਵੇਖੀ ਹੈ। ਫਿਰ ਇਨ੍ਹਾਂ ਘਬਰਾਇਆਂ ਵੀ ਗੱਲ ਨਹੀਂ ਬਣਦੀ ਵਿਕਰਮ ਬਾਰ੍ਹੇ ਮੇਰੇ ਦਿਮਾਗ 'ਚ ਕੰਮ ਹੈ..."

"ਹਾਂ ਦੱਸੋ....?" ਦੌਲਤ ਰਾਮ ਨੇ ਉਤਸੁਕਤਾ ਨਾਲ ਪੁੱਛਿਆ।

"ਤਹਾਨੂੰ ਤਾਂ ਪਤਾ ਹੈ ਮੇਰਾ ਕਪੜੇ ਦਾ ਸ਼ੋ ਰੂਮ ਹੈ। ਮੇਰੇ ਭਰਾ ਦੀ ਕਪੜੇ ਦੀ ਦੁਕਾਨ ਜਿਸ ਮਿਲ ਦਾ ਕਪੜਾ ਆਉਂਦਾ ਹੈ। ਉਹ ਬੰਬਈ ਤੇ ਅਹਿਮਦਾਬਾਦ ਹੈ। ਪੂਰੇ ਪੰਜਾਬ 'ਚ ਵੱਡੇ ਡੀਲਰ ਪੰਦਰਾਂ (15) ਅਤੇ ਜਿਨ੍ਹਾਂ 'ਚ ਤੇਰ੍ਹਾ (13) ਅੰਮ੍ਰਿਤਸਰ 'ਚ ਇੱਕ ਲੁਧਿਆਣੇ 'ਚ ਅਤੇ ਇਕ ਜਲੰਧਰ 'ਚ। ਸਾਰੇ ਡੀਲਰ ਦੀ ਇਕ ਐਸੋਸ਼ੈਸਨ (ਕਮੇਟੀ) ਬਣੀ ਹੈ ਜਿਸ ਦਾ ਦਫ਼ਤਰ ਸਾਡੇ ਕਪੜੇ ਦੇ ਵਪਾਰੀ ਦੇ ਦਫ਼ਤਰ 'ਚ ਹੈ। ਵਿਕਰਮ ਨੂੰ ਪਹਿਲਾ ਦਫ਼ਤਰ 'ਚ ਰਖਾਂਗੇ ਫਿਰ ਹੌਲੀ-ਹੌਲੀ ਕਪੜੇ ਦਾ ਦਲਾਲ ਬਣਾ ਦੇਵਾਂਗੇ। ਇਸ ਵਿੱਚ ਪੜਾਈ ਲਿਖਾਈ ਦੀ ਵੀ ਖਾਸ ਜਰੂਰਤ ਨਹੀਂ। ਦਫ਼ਤਰ ਕੰਮ 'ਚ ਇਕ ਬੰਦਾ ਹੋਰ ਹੈ। ਕਮੇਟੀ ਦੇ ਜਿਨ੍ਹੇ ਵੀ ਮੈਬਰ ਹੈ ਸਭ ਮਾਲਕ ਹੈ। ਸਭ ਦੀ ਇੱਜਤ ਕਰਨੀ ਅਤੇ ਉਨਾਂ੍ਹ ਦੀ ਹਰ ਗੱਲ ਮੰਨਣੀ ਜਰੂਰੀ ਹੈ। ਵਿਕਰਮ ਟਾਈਪ ਵਗੈਰਾ ਸਿੱਖ ਲਵੇ ਖਰਚਾ ਪਾਣੀ ਵੀ ਦਿੱਤਾ ਜਾਵੇਗਾ। ਇਸ ਕਮੇਟੀ ਦਾ ਕੰਮ ਸਾਰੇ ਡੀਲਰਾਂ ਨੂੰ ਇਕ ਮੁੱਠ ਰੱਖਣਾ। ਕੋਈ ਵੀ ਡੀਲਰ ਆਪਣੇ ਨਿੱਜੀ ਲਾਭ ਲਈ ਕਿਸੇ ਵਪਾਰੀ ਨੂੰ ਘੱਟ ਰੇਟ ਤੇ ਮਾਲ ਨਾ ਵੇਚੇ, ਜਿਨ੍ਹਾਂ ਛੋਟੇ ਵਪਾਰੀਆਂ ਦੀ ਸਾਡੇ ਡੀਲਰਾਂ ਨੂੰ ਸਹੀ ਪੇਮਟ ਨਹੀਂ ਹੁੰਦੀ ਉਨਾਂ੍ਹ ਬਾਰ੍ਹੇ ਪੂਰੀ ਮਾਰਕੀਟ 'ਚ ਸਰਕਲ ਕੱਢਣਾ ਅਤੇ ਉਸ ਨੂੰ ਪੂਰੀ ਮਾਰਕੀਟ 'ਚ ਮਾਲ ਦੇਣਾ ਬੰਦ ਕਰਨਾ। ਜਦੋ ਉਸਦੀ ਪੇਮਟ ਸਹੀ ਹੋ ਗਈ ਤੱਦ ਸਾਰੇ ਸਹੀ ਵਪਾਰੀ ਦਾ ਸਰਕਲ ਕੱਢ ਕੇ ਉਸ ਨੂੰ ਮਾਰਕੀਟ 'ਚ ਮਾਲ ਲੈਣ ਦੇਣਾ। ਸਾਰੇ ਡੀਲਰਾਂ ਦੀ ਰੋਜ਼ ਦੀ ਸੇਲ ਇਕੱਠੀ ਕਰਨੀ ਕਿਸ ਨੂੰ ਕਿੰਨੇ ਥਾਣ ਵੇਚੇ ਅਤੇ ਕਿਸ ਰੇਟ ਤੇ ਵੇਚੇ। ਇਹ ਪ੍ਰਮੁੱਖ ਕੰਮ ਹੈ ਸਾਡੀ ਕਮੇਟੀ ਦਾ.... ।"

"ਇਹ ਤਾਂ ਤੁਹਾਡਾ ਬਹੁਤ ਚੰਗਾ ਸੁਝਾਅ ਹੈ। ਘਰ ਪਤਨੀ ਨਾਲ ਸਲਾਹ ਕਰਕੇ ਬੇਟੇ ਨੂੰ ਲੈ ਅਵਾਂਗਾ....।" ਪਤਨੀ ਨਾਲ ਸਲਾਹ ਕੀਤੀ ਤੇ ਵਿਕਰਮ ਨੂੰ ਪੁੱਛਿਆ। ਸਾਰੀ ਗੱਲ ਸਮਝਾਈ ਵਿਕਰਮ ਤਿਆਰ ਹੋ ਗਿਆ ਤੇ ਵਿਕਰਮ ਨੂੰ ਕੰਮ ਤੇ ਲੱਗਾ ਦਿੱਤਾ ਗਿਆ। ਵਿਕਰਮ ਚਾਹੇ ਦੱਸਵੀਂ 'ਚ ਦੋ ਵਾਰ ਫੇਲ੍ਹ ਹੋ ਗਿਆ ਸੀ ਲੇਕਿਨ ਹੈ ਸਰੀਫ਼ ਮੁੰਡਾ ਮਿਹਨਤੀ ਅਤੇ ਇਮਾਨਦਾਰ। ਇਹ ਗੱਲ ਵੱਖਰੀ ਹੈ ਪੜ੍ਹਾਈ ਉਸ ਦੇ ਦਿਮਾਗ 'ਚ ਨਹੀਂ ਬੈਠੀ। ਸਕੂਲ ਉਹ ਰੋਜ਼ ਜਾਂਦਾ, ਕਦੀ ਛੁੱਟੀ ਨਹੀਂ ਕਰਦਾ, ਟਿਊਸ਼ਨ ਵੀ ਪੜ੍ਹਦਾ ਘਰ ਆਣ ਕੇ ਵੀ ਪੜਾ੍ਹਈ ਕਰਦਾ ਪਰ ਫਿਰ ਵੀ ਉਹ ਦੱਸਵੀਂ 'ਚ ਵੀ ਦੋ ਵਾਰ ਫੇਲ੍ਹ ਹੋ ਗਿਆ। ਵਿਕਰਮ 'ਚ ਆਤਮ ਵਿਸ਼ਵਾਸ਼ ਦੀ ਘਾਟ ਹੈ, ਕਿਸੇ ਵੱਡੇ ਬੰਦੇ ਅੱਗੇ ਗੱਲ ਨਹੀ ਕਰ ਸਕਦਾ। ਉੱਚੀ ਬੋਲਣ ਤੇ ਉਸ ਦਾ ਦਿੱਲ ਜ਼ੋਰ-ਜ਼ੋਰ ਦੀ ਧੜਕਣ ਲੱਗ ਪੈਂਦਾ। ਲੜਾਈ ਝਗੜਾ ਕਰਨਾ ਉਸ ਦੇ ਵੱਸ ਦਾ ਰੋਗ ਨਹੀ। ਵਿਕਰਮ ਮਾਰਕੀਟ 'ਚ ਪੂਰੀ ਨੱਠ ਭੱਜ ਕਰਦਾ ਦਫ਼ਤਰ 'ਚ ਕੋਈ ਤਰਾਂ੍ਹ ਦੇ ਬੰਦੇ ਮਿਲਦੇ। ਵਿਕਰਮ ਦਾ ਕੰਮ ਵਿੱਚ ਮਨ ਘੱਟ ਹੀ ਲੱਗਦਾ। ਕੰਮ ਹਿੰਦੀ ਤੇ ਅਗਰੇਜ਼ੀ 'ਚ ਸੀ ਅਗਰੇਜ਼ੀ ਤੇ ਹਿੰਦੀ ਵਿਕਰਮ ਦੀ ਕਮਜ਼ੋਰ। ਦੂਜੇ ਦਫ਼ਤਰ 'ਚ ਚਾਰ ਬੰਦੇ ਕੰਮ ਕਰਦੇ ਉਹ ਸਾਰੇ ਬਹੁਤ ਚੁਸਤ ਚਲਾਕ। ਉਹ ਵਿਕਰਮ ਨਾਲ ਅਖਰ ਟਿੱਚਰ ਬਾਜੀ ਕਰਦੇ ਵਿਕਰਮ ਦੇ ਦਿਮਾਗ 'ਚ ਉਨ੍ਹਾਂ ਦੀ ਟਿੱਚਰ ਘੱਟ ਹੀ ਸਮਝ ਆਉਂਦੇ। ਵਿਕਰਮ ਦੇ ਨਾਲ ਇਕ ਬੰਦਾ ਕੰਮ ਕਰਦਾ ਜਗਦੀਸ਼ ਕਾਫ਼ੀ ਚੁਸਤ ਚਲਾਕ। ਪਤਨੀ ਨਾਲ ਉਸ ਦੀ ਬਹੁਤ ਘੱਟ ਬਣਦੀ ਉਹ ਵਿਕਰਮ ਦੇ ਸਿੱਧੇਪਨ ਦਾ ਫਾਇਦਾ ਲੈਂਦਾ ਮਾਰਕੀਟ 'ਚ ਦੌੜ ਭੱਜ ਦਾ ਕੰਮ ਵਿਕਰਮ ਕੋਲ ਹੀ ਲੈਂਦਾ। ਕੁੜੀਆਂ ਨੂੰ ਖੁਦ ਗਲਤ-ਮਲੱਤ ਫੋਨ ਕਰਦਾ ਪੁੱਛਣ ਤੇ ਕਹਿੰਦਾ ਮੈ ਵਿਕਰਮ ਬੋਲ ਰਿਹਾ ਹਾਂ। ਤਨਖ਼ਾਹ ਦਾ ਜਦ ਸਮਾਂ ਆਇਆ ਵੋਚਰ ਭਰਿਆ ਗਿਆ। ਤਨਖ਼ਾਹ ਵੀ ਉਸ ਨੂੰ ਬਣਦੀ ਤਨਖ਼ਾਹ ਨਾਲੋ ਘੱਟ ਦਿੱਤੀ ਵਿਕਰਮ ਨੂੰ ਹੋਟਲ ਤੇ ਲੈ ਗਿਆ। ਖਾਣੇ ਦੇ ਪੈਸੇ ਵਿਕਰਮ ਨੇ ਦਿੱਤੇ। ਦੌਲਤ ਰਾਮ ਤੇ ਸ਼ਾਤੀ ਵਿਕਰਮ ਦੀ ਤਨਖ਼ਾਹ ਵੇਖ ਕੇ ਫੁੱਲੇ ਨਹੀ ਸਮਾਂ ਰਹੇ ਸਨ। ਉਨ੍ਹਾਂ ਨੂੰ ਭਰੋਸਾ ਹੁੰਦਾ ਜਾ ਰਿਹਾ ਸੀ ਕੇ ਉਨ੍ਹਾਂ ਦਾ ਪੁੱਤ ਜਿੰਦਗੀ 'ਚ ਜਰੂਰ ਸਫ਼ਲ ਹੋਵੇਗਾ। ਜਗਦੀਸ਼ ਦੀ ਹੇਰਾ ਫੇਰੀ ਦਾ ਸਭ ਨੂੰ ਪਤਾ ਲੱਗ ਗਿਆ ਜਗਦੀਸ਼ ਦਫ਼ਤਰ ਆਇਆ ਤੇ ਗੁੱਸੇ 'ਚ ਵਿਕਰਮ ਨੂੰ ਚਪੇੜ ਮਾਰਦਾ ਹੋਇਆ ਬੋਲਿਆ।

"ਸਾਲਿਆ ਚੁਗਲੀ ਲਗਾਈ ਹੈ ਮੇਰੀ ਮੈਨੂੰ ਕੰਮ ਤੋ ਕਢਵਾ ਕੇ ਮੇਰੇ ਬੱਚਿਆ ਦੇ ਢਿੱਡ ਤੇ ਲੱਤ ਮਾਰੀ ਹੈ, ਮੈ ਤਰੇ ਕੋਲੋਂ ਕਿਹੜੇ ਪੈਸੇ ਮੰਗੇ ਸੀ....?" ਵਿਕਰਮ ਨੂੰ ਵੀ ਅੱਗੋ ਬਹੁਤ ਗੁੱਸਾ ਆਇਆ

"ਕੁੱਤਿਆ ਮੈ ਤੇਰੀ ਕਿਹੜੀ ਚੁਗਲੀ ਲਗਾਈ ਹੈ ਤੇਰੀ ਇਸ ਕਰਤੂਤ ਤਾਂ ਪਤਾ ਸਭ ਨੂੰ ਆਪੇ ਹੀ ਚੱਲ ਗਿਆ। ਇਕ ਤਾਂ ਚੋਰੀ ਕੀਤੀ ਉਪਰੋ ਲੜਾਈ ਕਰਨ ਆ ਗਿਆ...." ਠਹਿਰ ਤੇਰੀ ...! ਇਹ ਕਿਹ ਕੇ ਜਗਦੀਸ਼ ਵਿਕਰਮ ਤੇ ਝੱਪਟ ਪਿਆ ਲੜਾਈ 'ਚ ਵਿਕਰਮ ਤੇ ਜਗਦੀਸ਼ ਦੋਵਾ ਦੀਆਂ ਕਮੀਜ਼ਾ ਪਾਟ ਗਈਆਂ ਦਫ਼ਤਰ ਦਾ ਮਾਲਕ ਆ ਗਿਆ ਹੋਰ ਬੰਦੇ ਵੀ ਦਫ਼ਤਰ ਦੇ। ਸਭ ਨੇ ਜਗਦੀਸ਼ ਨੂੰ ਲਾਹਨਤਾਂ ਪਾਈਆ ਤੇ ਜਗਦੀਸ਼ ਦੌੜ ਗਿਆ। ਪੂਰੇ ਦਾ ਪੂਰਾ ਦਿਨ ਵਿਕਰਮ ਨੱਠ ਭੱਜ ਕਰਦਾ ਹਿੰਦੀ ਤੇ ਅਗਰੇਜ਼ੀ ਘੱਟ ਆਉਣ ਨਾਲ ਵਿਕਰਮ ਨੂੰ ਪ੍ਰੇਸ਼ਾਨੀ ਤਾਂ ਆ ਰਹੀ ਸੀ। ਕਦੀ ਕਦੀ ਵਪਾਰੀ ਵਿਕਰਮ ਨਾਲ ਔਖਾ ਬੋਲਦੇ ਵਿਕਰਮ ਦਾ ਮਨ ਟੁੱਟ ਜਾਂਦਾ। ਪਤਾ ਨਹੀ ਵਿਕਰਮ ਦੇ ਦਿਮਾਗ 'ਚ ਆਇਆ ਉਹ ਇਸ ਕੰਮ 'ਚ ਅਪਣੇ ਆਪ ਨੂੰ ਗੁਲਾਮ ਮਹਿਸੂਸ ਕਰਨ ਲੱਗ ਪਿਆ ਇਸ ਗੱਲ ਨੂੰ ਲੈ ਕੇ ਵਿਕਰਮ ਨੇ ਸੈਕਟਰੀ ਨੂੰ ਆਪਣਾ ਤਿਆਗ ਪੱਤਰ ਦੇ ਦਿੱਤਾ। ਜਦ ਗੋਪਾਲ ਨੂੰ ਪਤਾ ਲੱਗਾ ਉਸ ਨੂੰ ਬਹੁਤ ਗੁੱਸਾ ਆਇਆ ਤੇ ਉਸ ਦੇ ਮਨ ਨੂੰ ਦੁੱਖ ਵੀ ਬਹੁਤ

ਹੋਇਆ। ਵਿਕਰਮ ਦੇ ਪਿਉ ਨੂੰ ਜਦ ਵਿਕਰਮ ਦੀ ਕਰਤੂਤ ਦਾ ਪਤਾ ਲੱਗਾ ਤਾਂ ਉਸ ਦੇ ਮਨ ਨੂੰ ਬਹੁਤ ਦੁੱਖ ਲੱਗਿਆ। ਦੌਲਤ ਰਾਮ ਵਿਕਰਮ ਨੂੰ ਗੁੱਸੇ ਹੁੰਦੇ ਬੋਲਿਆ "ਵੇਖ ਵਿਕਰਮ ਨੂੰ ਕਪੜੇ ਦੇ ਦਫ਼ਤਰ 'ਚ ਤਾਂ ਕੰਮ ਛੱਡ ਆਇਆ ਹੈ, ਇਨ੍ਹਾਂ ਤੂੰ ਪੜ੍ਹਿਆ ਲਿਖਿਆ ਵੀ ਨਹੀ। ਤੂੰ ਹੀ ਦੱਸ ਤੂੰ ਕੀ ਕਰਨਾ ਹੈ ਵਿਹਲੇ ਬੈਠ ਕੇ ਗੁਜਾਰਾ ਨਹੀ ਹੋਣਾ ਤੂੰ ਹਰ ਗੱਲ 'ਚ ਅਪਣੀ ਮਰਜ਼ੀ ਕਰਦਾ ਹੈ। ਕੰਮ ਵਿੱਚ ਕੋਈ ਕਮੀ ਜਾ ਦਫ਼ਤਰ 'ਚ ਕੋਈ ਤਕਲੀਫ਼ ਹੈ ਤਾਂ ਤੂੰ ਗੋਪਾਲ ਸ਼ੰਕਰ ਜੀ ਨੂੰ ਦੱਸਦਾ ਜਾਂ ਤੂੰ ਮੇਰੇ ਨਾਲ ਗੱਲ ਕਰਦਾ। ਅੱਗੇ ਵੀ ਤਾਂ ਉਨ੍ਹਾਂ ਨੇ ਤੇਰੀ ਮਦਦ ਕੀਤੀ ਹੈ। ਗੋਪਾਲ ਸ਼ੰਕਰ ਦੀ ਵੀ ਸਭ ਸਾਹਮਣੇ ਆਪਣੇ ਬੇਇੱਜਤੀ ਮਹਿਸੂਸ ਕਰਦੇ ਹੋਏ ,ਤੇਰੇ ਪਿੱਛੇ ਉਨ੍ਹਾਂ ਨੇ ਜਗਦੀਸ਼ ਨੂੰ ਕੰਮ ਤੋ ਕੱਢਿਆ ਸੀ। ਤੂੰ ਤਾਂ ਮੇਰੀ ਵੀ ਬੇਇੱਜਤੀ ਕਰਵਾ ਦਿੱਤੀ ਕਿਹੜੇ ਮੂੰਹ ਨਾਲ ਉਨ੍ਹਾਂ ਕੋਲ ਜਾਵਾਂਗਾ ਮੈਂ ? ਤੈਨੂੰ ਉਨ੍ਹਾਂ ਨੇ ਕਪੜੇ ਦਾ ਦਲਾਲ ਬਣਾ ਦੇਣਾ ਸੀ। ਵਾਧੂ ਕਮਾਈ ਕਰਦਾ ਪਰ ਤੂੰ ਆਪਣੀ ਮਰਜ਼ੀ ਕਰਕੇ ਆਪਣਾ ਬੇੜਾ ਗਰਕ ਆਪ ਕਰ ਲਿਆ ਹੈ। ਚੰਗਾ ਭਲਾ ਚੱਲਦਾ ਕੰਮ ਛੱਡ ਦਿੱਤਾ ਹੈ ਹੁਣ ਦੱਸ ਕੀ ਕਰਨਾ ਹੈ ਤੂੰ.....?"

"ਮੈ ਤਾਂ ਦਸਤਕਾਰੀ ਕੰਮ ਸਿੱਖਣਾ ਹੈ ਹੱਥੀ ਕੰਮ ਸਿੱਖਿਆ ਬੰਦਾ ਜਿਥੇ ਮਰਜ਼ੀ ਕੰਮ ਕਰ ਲਵੇ ਬੰਦਾ ਭੁੱਖਾ ਨਹੀ ਮਰਦਾ...." ਵਿਕਰਮ ਨੇ ਸਾਫ਼ ਲਫ਼ਜਾਂ 'ਚ ਆਪਣੀ ਗੱਲ ਮੁਕਾ ਦਿੱਤੀ।

"ਕਿਹੜਾ ਟੈਕਨੀਕਲ ਕੰਮ ਤੂੰ ਸਿੱਖਣਾ ਹੈ.....?"

"ਮੈ ਤਾਂ ਬਿਜਲੀ ਵਾਲੀਆਂ ਮੋਟਰਾਂ ਦਾ ਕੰਮ ਸਿੱਖਣਾ ਹੈ....।" ਪਿਉ ਖਿਝ ਕੇ ਚੱਲੇ ਗਿਆ ਮਾਂ ਵੀ ਪਿਉ ਦੇ ਮਗਰ-ਮਗਰ ਤੁਰ ਪਈ।

"ਦੌਲਤ ਰਾਮ ਨੇ ਮੰਡੇ ਦੀ ਜਿੰਦਗੀ ਬਣਾਉਣ ਦੀ ਖਾਤਰ ਇਹ ਵੀ ਕੰਮ ਕਰ ਲਿਆ। ਕਿਸੇ ਕਾਰਖਾਨੇਦਾਰ ਨਾਲ ਗੱਲ ਬਾਤ ਕੀਤੀ ਨੇੜੇ ਹੀ ਮੋਟਰਾਂ ਬਣਾਉਣ ਵਾਲਾ ਕਾਰਖਾਨਾ ਸੀ। ਦੌਲਤ ਰਾਮ ਵਿਕਰਮ ਨੂੰ ਨਾਲ ਲੈ ਕੇ ਉਸ ਕਾਰਖਾਨੇ ਵਾਲੇ ਪਹਿਲਾਂ ਹੀ ਗੱਲ ਕੀਤੀ ਹੋਈ ਸੀ ਫੈਕਟਰੀ 'ਚ ਖਰਾਦੀਆ, ਫਿਟਰ, ਵਾਇੰਡਰ, ਰੰਗ ਸਾਜ ਅਤੇ ਦੋ ਹੈਪਲਰ ਮੁੰਡੇ ਤੇ ਤੀਸਰਾ ਵਿਕਰਮ ਹੋ ਗਿਆ। ਫੈਕਟਰੀ ਦੇ ਦੋ ਭਾਈਵਾਲ ਇਕ ਹਿੰਦੂ ਜੈਂਟਲ ਮੈਨ ਅਤੇ ਦੂਸਰਾ ਸਰਦਾਰ ਬਜ਼ੁਰਗ ਅਤੇ ਉਸ ਦਾ ਨੌਜਵਾਨ ਮੁੰਡਾ। ਕੰਮ ਸਿੱਖਣ ਦੀ ਗੱਲ ਹਿੰਦੂ ਜੈਂਟਲ ਮੈਨ ਨਾਲ ਹੋਈ ਵਿਕਰਮ ਨੂੰ ਕੰਮ ਸਿੱਖਣ ਵਾਸਤੇ ਰੱਖ ਲਿਆ ਗਿਆ। ਉਸ ਫੈਕਟਰੀ ਦੀ ਬਿਲਡਿੰਗ 'ਚ ਫੈਕਟਰੀ ਦੇ ਦੋ ਭਾਈ ਵਾਲ ਸਨ ਦੋਵੇ ਚੰਗੀ ਉਮਰ ਦੇ ਪੱਖਿਆ ਦੀ ਫੈਕਟਰੀ ਦਾ ਕੰਮ ਖੂਬ ਚੱਲ ਰਿਹਾ ਸੀ। ਵਿਕਰਮ ਹੌਲੀ-ਹੌਲੀ ਦਿੱਲ ਲੱਗਾ ਕੇ ਕੰਮ ਸਿੱਖਣ ਲੱਗ ਪਿਆ ਵਿਕਰਮ ਦਾ ਸੁਭਾਅ ਕਾਫ਼ੀ ਮਿਲਣ ਸਾਰ ਹੋਣ ਕਰਕੇ ਸਭ 'ਚ ਘੁਲ ਮਿਲ ਗਿਆ। ਕਾਰੀਗਰ ਆਪਸ ਜਿਵੇਂ ਮਰਜ਼ੀ ਨਾਲ ਰਹਿੰਦੇ ਸਨ ਲੇਕਿਨ ਵਿਕਰਮ ਨੂੰ ਸਭ ਪਿਆਰ ਕਰਦੇ ਉਸਨੂੰ ਇੱਜ਼ਤ ਦਿੰਦੇ ਦੋਵੇ ਮਾਲਕ ਵੀ ਵਿਕਰਮ ਦਾ ਖ਼ੂਬ ਖ਼ਿਆਲ ਰੱਖਦੇ। ਵਿਕਰਮ ਹੁਣ ਕੰਮ 'ਚ ਨੱਠ ਭੱਜ ਕਰਨ ਲੱਗ ਪਿਆ। ਬਾਹਰੋਂ ਸਮਾਨ ਲੈ ਕੇ ਆਉਣਾ, ਕਾਰੀਗਰਾਂ ਨੂੰ ਚਾਹ, ਪਾਣੀ ਲਿਆ ਕੇ ਦੇਣਾ। ਦੋ ਕੁ ਮਹੀਨਿਆ ਮਗਰੋਂ ਵਿਕਰਮ ਕੰਮ ਨੂੰ ਥੋੜ੍ਹਾ ਬਹੁਤ ਹੱਥ ਪਾਣ ਲੱਗ ਪਿਆ। ਦੋ ਮਾਲਕਾਂ ਨੇ ਸਲਾਹ ਕੀਤੀ ਕਿ ਮੁੰਡੇ ਦਾ ਹੌਸਲਾ ਵੀ ਵੱਧੇਗਾ ਨਾਲ ਦਿਲਚਸਪੀ ਵੀ ਲਵੇਗਾ। ਵਿਕਰਮ ਦਾ ਜੇਬ ਖ਼ਰਚਾ ਲੱਗਾ ਦਿੱਤਾ। ਨੌਜਵਾਨ ਮਾਲਕ ਵਿਕਰਮ ਦਾ ਖ਼ੂਬ ਖ਼ਿਆਲ ਰੱਖਦਾ। ਕਿਸੇ ਕਾਰਨ ਫੈਕਟਰੀ ਦੇ ਵੱਡੇ ਕਾਰੀਗਰਾਂ 'ਚ ਮਾਲਕ ਦੀ ਅਣ ਬਣ ਹੋ ਗਈ ਉਹ ਕੰਮ ਛੱਡ ਕੇ ਚੱਲੇ ਗਿਆ। ਖਰਾਦੀਆਂ ਕਾਫ਼ੀ ਚੁਸਤ ਚਲਾਕ ਬੰਦਾ ਸੀ। ਰੰਗ ਸਾਜ ਬੰਦਾ ਅਕਸਰ ਮਜਾਕ ਦਾ ਵਿਸ਼ਾ ਬਣਿਆ ਰਹਿੰਦਾ। ਮਾਲਕ ਕਦੀ ਕਦੀ ਪੈਗ ਲਗਾਉਂਦਾ।

ਇਕ ਦਿਨ ਵਾਇੰਡਰ ਮੁੰਡਾ ਵਰਮੇ ਤੇ ਛੇਕ ਮਾਰ ਰਿਹਾ ਸੀ। ਉਸ ਦਾ ਹੱਥ ਬੈਲਟ 'ਚ ਆ ਗਿਆ ਅਗੂੰਠਾਂ ਕਾਫ਼ੀ ਕੱਟਿਆ ਗਿਆ। ਮਾਲਕ ਛੇਤੀ-ਛੇਤੀ ਸਕੂਟਰ ਤੇ ਬਿਠਾ ਕੇ ਲੈ ਗਿਆ। ਡਾਕਟਰ ਨੇ ਟਾਂਕੇ ਲਗਾ ਦਿੱਤੇ ਤੇ ਦਵਾਈ ਦਿੱਤੀ ਬਾਅਦ ਵਿੱਚ ਮੁੰਡਾ ਠੀਕ ਹੋ ਗਿਆ। ਛੇ ਕੁ ਮਹੀਨੇ ਲਗਾਏ। ਕੁੱਝ ਕਾਰਨਾਂ ਕਰਕੇ ਫੈਕਟਰੀ ਬੰਦ ਕਰਨੀ ਪਈ ਵਿਕਰਮ ਅਤੇ ਹੋਰ ਬਦਿਆ ਨੂੰ ਕੰਮ ਛੱਡਣਾ ਪਿਆ। ਦੌਲਤ ਰਾਮ ਦਾ ਇਕ ਦੋਸਤ ਸੀ ਅੱਗੋ ਉਸ ਦਾ ਦੋਸਤ ਕਿਤੇ ਫੈਕਟਰੀ 'ਚ ਮੋਟਰਾਂ ਵਾਇੰਡਰ ਕਰਨ ਦਾ ਠੇਕੇਦਾਰ ਸੀ। ਵਿਕਰਮ ਨੂੰ ਉਸ ਕੋਲ ਲਗਾ ਦਿੱਤਾ ਦੋ ਕੁ ਮਹੀਨੇ ਕੰਮ ਕੀਤਾ। ਫਿਰ ਵਿਕਰਮ ਨੂੰ ਸਕੂਲ ਪੜ੍ਹਦਾ ਦੋਸਤ ਮਿਲਿਆ ਉਸ ਦੇ ਜੀਜੇ ਨੇ ਛੱਤ ਵਾਲੇ ਪੱਖੇ ਵਾਇੰਡ ਕਰਨ ਵਾਲੀ ਮਸ਼ੀਨ ਲਗਾਈ ਹੋਈ ਸੀ। ਵਿਕਰਮ ਨੇ ਉਸ ਕੋਲ ਕੰਮ ਕੀਤਾ ਉਸ ਕੋਲ ਵੀ ਕੁੱਝ ਸਮਾਂ ਕੰਮ ਕੀਤਾ ਤੇ ਛੱਡ ਦਿੱਤਾ। ਹੋਰ ਫੈਕਟਰੀ 'ਚ ਕੰਮ ਕਰਨ ਲੱਗ ਪਿਆ। ਵਿਕਰਮ ਨੂੰ ਪੂਰੀ ਤਰ੍ਹਾਂ ਕੰਮ ਨਹੀ ਆਉਂਦਾ ਸੀ ਕੁੱਝ ਸਮੇਂ ਬਾਅਦ ਵਿਕਰਮ ਨੂੰ ਉਸ ਫੈਕਟਰੀ 'ਚ ਜਵਾਬ ਮਿਲ ਗਿਆ। ਵਿਕਰਮ ਦੇ ਮੋਟਰਾਂ ਦੇ ਕੰਮ ਕੁੱਝ ਕੁ ਹੱਥ ਸਿੱਧੇ ਹੋਏ ਸਨ ਜਿਆਦਾ ਸਮਾਂ ਉਸ ਦਾ ਖਰਾਬ ਹੀ ਹੋਇਆ ਸਭ ਨਾਲ ਵੱਡੀ ਕਮਜ਼ੋਰੀ ਵਿਕਰਮ 'ਚ ਆਤਮ ਵਿਸ਼ਵਾਸ਼ ਦੀ ਸੀ। ਇਕ ਦਿਨ ਅਚਾਨਕ ਮੋਟਰਾਂ ਦੀ ਫੈਕਟਰੀ ਅੱਗੇ ਲਿਖੇ ਬੋਰਡ ਤੇ ਨਜ਼ਰ ਪਈ। ਇਹ ਫੈਕਟਰੀ ਵਿਕਰਮ ਦੇ ਘਰ ਦੇ ਨੇੜੇ ਹੀ ਸੀ ਜਿਸ ਤੇ ਲਿਖਿਆ ਸੀ ਕੇ ਇਕ ਵਾਇੰਡਰ ਸੀ ਜਰੂਰਤ ਹੈ। ਵਿਕਰਮ ਨੇ ਉਸ ਮਾਲਕ ਕੋਲ ਪੁੱਛਿਆ।

"ਤੈਨੂੰ ਕੰਮ ਕਰਦਿਆ ਕਿੰਨ੍ਹਾਂ ਚਿਰ ਹੋ ਗਿਆ....?"

"ਜੀ ਇਕ ਸਾਲ ...."

" ਤੈਨੂੰ ਕੀ ਕੀ ਕੰਮ ਕਰਨਾ ਆਉਂਦਾ ਹੈ...?"

"ਜੀ ਮੈ ਮੋਟਰ ਵਾਇੰਡ ਕਰ ਲੈਂਦਾ ਹਾਂ....।"

"ਗੱਲ ਇਵੇ ਹੈ ਅਸੀ ਤੇਰੀ ਟਰਾਈ ਨਹੀ ਲੈਦੇ ਤੈਨੂੰ ਅਸੀ 250 ਰੁਪਿਆ ਮਹੀਨਾ ਦੇ ਦੇਵਾਂਗੇ......"

"ਠੀਕ ਹੈ ਜੀ....।"

ਇਹ ਲਫ਼ਜ ਕਿਹ ਕੇ ਵਿਕਰਮ ਖੁਸ਼ ਹੋ ਗਿਆ। ਕਿਉਕਿ ਇਕ ਤੇ ਕੰਮ ਬਿਲਕੁੱਲ ਨੇੜੇ ਦੂਜਾ ਪਹਿਲਾ ਉਸ ਨੂੰ ਮਹੀਨੇ ਦੇ 125/- ਹੁਣ ਉਸ ਨੂੰ 250/- ਰੁਪਇਆ ਮਹੀਨਾ ਮਿਲਣਾ। ਵਿਕਰਮ ਨੇ ਘਰ ਜਾ ਕੇ ਆਪਣੀ ਮੰਮੀ ਨਾਲ ਗੱਲ ਕੀਤੀ ਉਸ ਨੇ ਕਿਹਾ ਚੰਗਾ ਮੈ ਤੇਰੇ ਭਾਪਾ ਜੀ ਨਾਲ ਰਾਤ ਨੂੰ ਗੱਲ ਕਰਾਂਗੀ।

"ਜੀ ਵਿਕਰਮ ਨੇੜੇ ਹੀ ਕੰਮ ਤੇ ਲੱਗਣ ਲੱਗਾ ਹੈ....।"

"ਕਿੱਥੇ ਅਤੇ ਕਿਹੜਾ ਕੰਮ...?

"ਕੰਮ ਉਹ ਹੀ ਜਿਹੜਾ ਕਰਦਾ ਹੈ ਬੱਸ ਆਪਣੇ ਘਰ ਤੋ ਕੁੱਝ ਦੂਰ....।"

"ਚੰਗਾ ਕੰਮ ਟਿਕ ਕੇ ਕਰੇ ਤਾਂ ਚੰਗਾ ਲਗਦਾ ਹੈ ਥਾਂ ਥਾਂ ਕੰਮ ਕਰਨ ਤੇ ਕੰਮ ਨਹੀ ਵਿਕਰਮ ਸਿੱਖ ਸਕਦਾ। ਜਿਸ ਨੇ ਜਿਥੇ ਕਿਹਾ ਉੱਥੇ ਕਰਨ ਲੱਗ ਪਿਆ। ਮੇਰੀ ਤਾਂ ਉਹ ਗੱਲ ਸੁਣਦਾ ਨਹੀ ਮੈ ਕੋਈ ਉਸ ਦਾ ਵੈਰੀ ਨਹੀ। ਪੜ ਲਿਖ ਤਾਂ ਸਕਿਆ ਨਹੀ, ਉਹ ਸਬਰ ਕਰ ਲਿਆ। ਪਰ ਹੁਣ ਕੰਮ ਤਾਂ ਕੋਈ ਬਦਿਆ ਵਾਂਗ ਸਿੱਖ ਲਵੇ। ਛੋਟੀ ਮੋਟੀ ਦੁਕਾਨ ਪਾ ਦੇਵਾਂਗੇ ਜਾਂ ਕਰਜਾ ਲੈ ਕੇ ਛੋਟੀ ਮੋਟੀ ਫੈਕਟਰੀ ਲਗਾ ਦੇਵਾਂਗੇ ਮੈ ਨੌਕਰੀ ਤੋਂ ਰਿਟਾਇਰ ਹੋ ਕੇ ਵਿਕਰਮ ਨਾਲ ਰਹਾਂਗੇ ਦੋਵੇ ਪਿਉ ਪੁੱਤ ਕੰਮ ਕਰਾਂਗੇ....।"

ਗੱਲ ਤਾਂ ਤੁਹਾਡੀ ਠੀਕ ਹੈ ਪੜ੍ਹਾਈ ਤਾਂ ਉਹ ਕਰ ਨਹੀ ਸਕਿਆ ਘੱਟੋ-ਘੱਟ ਕੰਮ ਤਾਂ ਸਿੱਖ ਲਵੇ ਮਾਪਿਆ ਨੇ ਕਿਹੜਾ ਸਦਾ ਨਾਲ ਰਹਿਣਾ ਹੁੰਦਾ ਹੈ। ਬੱਚੇ ਪੈਰ੍ਹਾਂ ਤੇ ਖੜ੍ਹੇ ਹੋ ਜਾਵੇ ਤਾਂ ਚੰਗਾ ਹੁੰਦਾ ਹੈ......।"

ਸਵੇਰੇ ਦੌਲਤ ਰਾਮ ਨੇ ਵਿਕਰਮ ਨੂੰ ਆਪਣੇ ਕੋਲ ਸੱਦਿਆ ਤੇ ਬੜੇ ਪਿਆਰ ਨਾਲ ਕਲਾਵੇ 'ਚ ਲੈਂਦਿਆਂ ਬੋਲਿਆ "ਵੇਖ ਬੇਟਾ ਵਿਕਰਮ ਅਸੀਂ ਤੇ ਦਸ਼ਮਣ ਨਹੀ, ਤੇਰੇ ਮਾਪੇ ਹਾਂ। ਤੇਰੇ ਭਲੇ ਲਈ ਕਹਿੰਦਾ ਹਾਂ। ਮਾਂ ਬਾਪ ਦੀਆ ਗੱਲਾਂ ਦਾ ਬੁਰਾ ਨਹੀ ਮਨਾਈਦਾ। ਬੱਸ ਤੂੰ ਇਕ ਕੰਮ ਟਿਕ ਕੇ ਸਿੱਖ ਲੈ ਬਾਕੀ ਸੈਟ ਕਰਨਾ ਸਾਡਾ ਕੰਮ ਹੈ। ਦੇਖ ਪੁੱਤ ਪੈਸੇ ਤੋ ਬਗੈਰ ਕੋਈ ਨਹੀ ਪੁੱਛਦਾ। ਅਸੀ ਮਾਂ ਬਾਪ ਕਦ ਤੱਕ ਤੇਰੇ ਸਿਰ ਤੇ ਬੈਠੇ ਰਹਾਂਗੇ। ਅੱਗੋ ਤਾਂ ਜਿੰਦਗੀ ਤੂੰ ਹੀ ਬਤੀਤ ਕਰਨੀ ਹੈ। ਸਾਨੂੰ ਵੀ ਪਤਾ ਹੈ ਤੇਰੇ 'ਚ ਕੋਈ ਕਮੀ ਨਹੀ ਤੂੰ ਸਰੀਫ਼ ਮਿਹਨਤੀ ਹੈ। ਬੱਸ ਲਗਨ ਨਾਲ ਕੰਮ ਕਰ ਬਾਰ-ਬਾਰ ਥਾਂ ਬਦਲਣ ਨਾਲ ਬੰਦੇ ਦੀ ਮਾਰਕੀਟ ਵੀ ਖਰਾਬ ਹੁੰਦੀ ਹੈ। ਬੰਦਾ ਬਦਨਾਮ ਹੋ ਜਾਂਦਾ ਹੈ ਸਭ ਇਹ ਕਹਿੰਦੇ ਹੈ ਇਹ ਬੰਦਾ ਟਿਕ ਕੇ ਕੰਮ ਨਹੀ ਕਰ ਸਕਦਾ.....।"

ਪਿਉ ਦੀ ਹਮਦਰਦੀ ਵੇਖ ਕੇ ਵਿਕਰਮ ਦਿਲ ਪਸੀਜ਼ ਗਿਆ। ਉਸ ਨੂੰ ਆਪਣੇ ਆਪ ਤੇ ਗੁੱਸਾ ਆਣ ਲੱਗਾ। ਪਰ ਉਸ ਨੂੰ ਆਪਣਾ ਕੋਈ ਕਸੂਰ ਨਜ਼ਰ ਨਾ ਆਇਆ। ਉਹ ਆਪ ਤਾਂ ਮਿਹਨਤੀ ਇਮਾਨਦਾਰ ਹੈ ਹਾਂ। ਅਲੱਗ ਗੱਲ ਹੈ ਹਾਲਾਤ ਉਸ ਦੇ ਨਾਲ ਨਹੀ ਲਗਦੇ। ਸਾਲ ਹੋ ਚੱਲਿਆ ਅੱਜ ਕਿਥੇ ਤੇ ਕੱਲ੍ਹ ਕਿੱਥੇ ਚੰਗੀ ਤਰ੍ਹਾਂ ਉਸ ਦੀ ਸੈਟਿੰਗ ਨਹੀ ਹੋ ਸਕੀ।

"ਭਾਪਾ ਜੀ ਤਹਾਨੂੰ ਕੋਈ ਸ਼ਕਾਇਤ ਦਾ ਮੌਕਾ ਨਹੀ ਦੇਵਾਂਗਾ ਪੂਰੀ ਮਿਹਨਤ ਤੇ ਲਗਨ ਨਾਲ ਕੰਮ ਕਰਾਂਗਾ......।"

"ਕਿਉਂ ਨਹੀ ਬੇਟਾ ਸਾਨੂੰ ਤੇਰੇ ਤੇ ਮਾਣ ਹੈ ਅਸੀ ਤਾਂ ਕਹਿੰਦੇ ਹਾਂ ਬੇਟਾ ਤੇਰਾ ਟਾਈਮ ਨਾ ਖਰਾਬ ਹੋਵੇ ਕਿਉਕਿ ਸਮਾਂ ਬਹੁਤ ਕੀਮਤੀ ਹੈ....।"

ਵਿਕਰਮ ਨੇ ਮਾਂ ਪਿਉ ਨੂੰ ਮੱਥਾ ਟੇਕਿਆ ਕੰਮ ਵਾਲੇ ਕਪੜੇ ਚੁੱਕੇ ਤੇ ਪੈਦਲ ਹੀ ਫੈਕਟਰੀ ਵੱਲ ਚੱਲ ਪਿਆ। ਫੈਕਟਰੀ ਅੰਦਰ ਗਿਆ ਤਾਂ ਮਾਲਕ ਬੈਠਾ ਪਾਠ ਕਰ ਰਿਹਾ ਸੀ। ਦੇਰ ਬਾਅਦ ਮਾਲਕ ਬੋਲਿਆ

"ਆ ਗਿਆ....।"

"ਹਾਂ ਜੀ ......।"

ਅੰਦਰ ਜਾ ਕੇ ਕਪੜੇ ਬਦਲ ਲੈ .....।" ਵਿਕਰਮ ਨੇ ਸਭ ਤੂੰ ਨਮੱਸਤੇ ਬੁਲਾਈ ਤੇ ਸਭ ਨੇ ਖੁਸ਼ ਹੋ ਕੇ ਜਵਾਬ ਦਿੱਤਾ ਅੰਦਰ ਜਾ ਕੇ ਵਿਕਰਮ ਨੇ ਕਪੜੇ ਬਦਲੇ ਫੈਕਟਰੀ ਛੋਟੀ ਸੀ। ਚਾਰ ਕੁ ਬੰਦੇ ਸਨ ਵਿਕਰਮ ਨੂੰ ਪਾ ਕੇ ਪੰਜ ਹੋ ਗਏ ਵਿਕਰਮ ਤੋਂ ਸੀਨੀਅਰ ਬੰਦਾ ਕਾਫੀ ਚੰਗਾ। ਬਾਕੀ ਬੰਦੇ ਵੀ ਕਾਫੀ ਚੰਗੇ ਸਨ। ਵਿਕਰਮ ਸਭ ਨਾਲ ਘੁੱਲ ਮਿਲ ਗਿਆ। ਵਿਕਰਮ ਦਾ ਸੀਨਿਅਰ ਜਸਪਾਲ ਗਰੈਡਰ ਮੈਨ (ਬਿਹਾਰੀ) ਰਾਮ ਅਵਤਾਰ ਇਕਬਾਲ, ਦਲਬੀਰ ਸਾਰੇ ਦੇ ਸਾਰੇ ਇਕ ਪ੍ਰਵਾਰ ਵਾਂਗ ਰਹਿੰਦੇ ਸਨ। ਹੌਲੀ-ਹੌਲੀ ਵਿਕਰਮ ਮਾਲਕ ਦੇ ਕਾਫੀ ਨੇੜੇ ਹੋ ਗਿਆ। ਵਿਕਰਮ ਦੀ ਮਿਹਨਤ ਤੇ ਲਗਨ ਵੇਖ ਕੇ ਮਾਲਕ ਉਸ ਨੂੰ ਵੱਧ ਜੁੰਮੇਦਾਰੀ ਦੇਣ ਲੱਗਾ। ਵਿਕਰਮ ਬਾਕੀ ਸਾਥੀਆ ਦੀ ਵੀ ਖੂਬ ਇੱਜਤ ਕਰਦਾ ਕਿਸੇ ਨੂੰ ਸ਼ਕਾਇਤ ਦਾ ਮੌਕਾ ਨਾ ਦੇਂਦਾ। ਵਿਕਰਮ ਅਕਸਰ ਮਾਰਕੀਟ 'ਚ ਸਮਾਨ ਖ੍ਰੀਦਦਾ। ਫੈਕਟਰੀ 'ਚ ਬਾਕੀ ਕਾਰੀਗਰਾਂ ਦੀ ਵੀ ਮਦਦ ਕਰਦਾ ਹੁਣ ਵਿਕਰਮ ਦਾ ਹੱਥ ਵੀ ਕੰਮ 'ਚ ਖੁੱਲਣ ਲੱਗ ਪਿਆ। ਡੇਢ ਸਾਲ ਲੰਘ ਗਿਆ 450/- ਰੁਪਇਆ ਦੀ ਤਨਖ਼ਾਹ ਹੋ ਗਈ। ਵਿਕਰਮ ਦੀ ਵੱਡੀ ਕਮਜ਼ੋਰੀ ਇਹ ਸੀ ਕੇ ਵਿਕਰਮ ਮਾਲਕ ਕੋਲੋ ਪੈਸੇ ਨਹੀ ਮੰਗਦਾ ਸੀ। ਦੂਜੇ ਕਾਰੀਗਰ ਮਾਲਕ ਕੋਲੋ ਮੰਗ-ਮੰਗ ਕੇ ਪੈਸੇ ਲੈ ਜਾਂਦੇ, ਮਾਲਕ ਵਿਕਰਮ ਨੂੰ ਛੇਤੀ ਪੈਸੇ ਨਹੀ ਦੇਂਦਾ। ਉਸ ਦੇ ਦਿਮਾਗ 'ਚ ਇਹ ਹੁੰਦਾ ਵਿਕਰਮ ਨੂੰ ਪੈਸਿਆ ਦੀ ਲੋੜ ਨਹੀ ਪਿਉ ਤੇ ਰੋਟੀ ਦੇ ਹੀ ਰਿਹਾ ਹੈ ਮਾਲਕ ਕਾਫੀ ਚੁਸਤ ਤੇ ਕੰਜੂਸ ਮੱਖੀ ਚੂਸ ਪੈਸੇ ਪੈਸੇ ਪਿੱਛੇ ਉਸ ਦੀ ਜਾਨ ਨਿਕਲਦੀ। ਵਿਕਰਮ ਦਾ ਪਿਉ ਵਿਕਰਮ ਕੋਲੋ ਪੈਸੇ ਪੁੱਛਦਾ ਤਾਂ ਵਿਕਰਮ ਅੱਗੋ ਚੁੱਪ ਰਹਿੰਦਾ। ਵਿਕਰਮ ਦੀ ਮਾਂ ਵੀ ਅਕਸਰ ਪੈਸਿਆ ਬਾਰ੍ਹੇ ਪੁੱਛਦੀ ਵਿਕਰਮ ਕਦੀ 10,50,150,20 ਰੁਪਿਆ ਲਿਆ ਕੇ ਦੇਂਦਾ। ਇੱਕਠੇ ਪੈਸੇ ਕਦੀ ਵੀ ਨਹੀ। ਪਿਉ ਗੁੱਸੇ ਹੁੰਦਾ ਅਕਸਰ ਕਹਿੰਦਾ।

"ਵਿਕਰਮ ਤੂੰ ਪੈਸੇ ਕਿਉ ਨਹੀ ਮੰਗਦਾ, ਤੂੰ ਫੈਕਟਰੀ 'ਚ ਕੰਮ ਕਰਦਾ ਹੈ। ਕੱਲ੍ਹ ਨੂੰ ਤੂੰ ਆਪਣਾ ਨਿੱਜੀ ਕਾਰੋਬਾਰ ਕਰਨਾ ਹੈ। ਤੂੰ ਤਾਂ ਆਪਣੇ ਮਾਲਕ ਕੋਲੋ ਪੈਸੇ ਨਹੀ ਮੰਗ ਸਕਦਾ ਤਾਂ ਵਪਾਰ ਕਿਵੇਂ ਕਰੇਗਾ ? ਹੋਰ ਬੰਦੇ ਵੀ ਤਾਂ ਕੰਮ ਕਰਦੇ ਹੈ ਟੱਬਰ ਵਾਲੇ ਹੈ ਉਨ੍ਹਾਂ ਦਾ ਗੁਜ਼ਾਰਾ ਕਿਵੇ ਚੱਲਦਾ ਹੈ ਕੰਮ ਤੂੰ ਦਿਨ ਰਾਤ ਕਰਦਾ ਹੈ ਪੈਸੇ ਤੋੜ-ਤੋੜ ਕੇ ਲਿਆਉਂਦਾ ਹੈ...।"

ਵਿਕਰਮ ਜਦ ਪੈਸੇ ਮੰਗਦਾ ਤਾਂ ਮਾਲਕ ਟਾਲ ਜਾਂਦਾ । ਮਾਲਕ ਜਦ ਬਾਹਰ ਜਾਂਦਾ ਹੈ ਵਿਕਰਮ ਫੈਕਟਰੀ ਦੇ ਹਿਸਾਬ ਦੇ ਨਿੱਕੇ-ਨਿੱਕੇ ਪੈਸੇ ਦਾ ਹਿਸਾਬ ਦੇਂਦਾ। ਮਾਲਕ ਦੀ ਥਾਂ ਵਪਾਰੀਆ ਕੋਲੋ ਪੈਸੇ ਵੀ ਲੈ ਜਾਂਦਾ । ਇਕ ਦਿਨ ਵਿਕਰਮ ਦੇ ਨਾਲ ਵਰਕਰ ਵਿਕਰਮ ਦੇ ਘਰ ਆਇਆ ਵਿਕਰਮ ਦੇ ਪਿਤਾ ਨੇ ਉਸ ਕੋਲੋ ਪੁੱਛਿਆ।

"ਤੁਹਾਨੂੰ ਵੀ ਪੈਸੇ ਟਾਇਮ ਸਿਰ ਨਹੀ ਮਿਲਦੇ...?"

"ਕਿਉ ਨਈ ਬਾਊ ਜੀ ਮਾਲਕ ਬਹੁਤ ਚਲਾਕ ਹੈ ਅਸੀ ਤਾਂ ਮਗਰ ਪੈ-ਪੈ ਕੇ ਪੈਸੇ ਖੜਦੇ ਹਾਂ। ਅਸੀ ਤਾਂ ਤਨਖ਼ਾਹ ਐਡਵਾਸ ਹੀ ਲੈ ਜਾਂਦੇ ਹਾਂ...।"

"ਵਿਕਰਮ ਨੂੰ ਕਿਉਂ ਨਹੀ ਮਿਲਦੇ ਇਸ ਨੂੰ ਕੰਮ ਨਹੀ ਆਉਂਦਾ ...? ਨਰਾਜ਼ ਹੁੰਦੇ ਦੌਲਤ ਰਾਮ ਕਹਿਣ ਲੱਗਾ...।" ਬਾਊ ਜੀ ਇਹੋ ਜਿਹੀ ਕੋਈ ਗੱਲ ਨਹੀ ਵਿਕਰਮ ਨੂੰ ਪੂਰਾ ਕੰਮ ਆਉਂਦਾ ਹੈ ਵਿਕਰਮ ਪੂਰੇ ਕਾਰੀਗਰਾਂ ਵਾਂਗ ਕੰਮ ਕਰਦਾ ਹੈ। ਮਾਰਕੀਟ ਦਾ ਵੀ ਸਾਰੇ ਦਾ ਸਾਰਾ ਕੰਮ ਉਹੀ ਕਰਦਾ ਹੈ। ਅਸੀ ਤਾਂ ਓਵਰ ਟਾਈਮ ਵੀ ਲੈਂਦੇ ਹਾਂ। ਇਸ ਨੂੰ ਮਾਲਕ ਤਾਂ ਤਨਖ਼ਾਹ ਵੀ ਸਹੀ ਤਰੀਕੇ ਨਾਲ ਨਹੀ ਦਿੰਦਾ । ਮਾਲਕ ਸਮਝਦਾ ਹੈ ਇਸ ਨੂੰ ਪੈਸੇ ਦੀ ਲੋੜ ਨਹੀ। ਇਹ ਚੁਸਤ ਚਲਾਕ ਨਹੀ ਮਿਹਨਤੀ ਤੇ ਇਮਾਨਦਾਰੀ 'ਚ ਕੋਈ ਘਾਟ ਨਹੀ। ਉਹ ਸਾਡਾ ਇਕ ਚੰਗਾ ਦੋਸਤ ਹੈ। ਮਾਲਕ ਚਾਹੇ ਜਿਨਾਂ੍ਹ ਮਰਜੀ ਚਲਾਕ ਹੋਵੇ ਅਸੀ ਪੁਰਾਣੇ ਹਾਂ ਫਿਰ ਵੀ ਸਾਡੇ ਨਾਲੋ ਵਿਕਰਮ ਤੇ ਭਰੋਸਾ ਕਰਦਾ ਹੈ...।"

ਇਸ ਤੋ ਬਾਅਦ ਵਿਕਰਮ ਨੇ ਮਾਲਕ ਤੋਂ ਪੈਸੇ ਮੰਗਣੇ ਸ਼ੁਰੂ ਕਰ ਦਿੱਤੇ। ਵਿਕਰਮ ਦੀ ਸਾਂਝ ਸਭ ਨਾਲੋ ਵੱਧ ਦਲਬੀਰ ਨਾਲ ਸੀ । ਦਲਬੀਰ ਹੁਰੀ ਦੋ ਭਰਾ ਸਨ ਵੱਡਾ ਦਲਬੀਰ ਸੀ । ਦਲਬੀਰ ਦੀ ਆਪਣੀ ਮਾਂ ਨਾਲ ਬਿਲਕੁਲ ਨਹੀ ਬਣਦੀ ਸੀ, ਦਲਬੀਰ ਅਕਸਰ ਆਪਣੀ ਮਾਂ ਨੂੰ ਗਾਲ੍ਹਾਂ ਕੱਢਦਾ । ਜਿਹੜੀ ਨਹੀ ਗੱਲ ਹੁੰਦੀ ਉਹ ਆਪਣੀ ਮਾਂ ਨੂੰ ਕਹਿ ਦਿੰਦਾ । ਦਲਬੀਰ ਦੀ ਮਾਂ ਕਾਫੀ ਚਾਲੂ ਕਿਸਮ ਦੀ ਔਰਤ ਹੈ । ਦਲਬੀਰ ਦਾ ਪਿਉ ਕਾਫੀ ਚਿਰ ਪਹਿਲਾ ਮਰ ਚੁੱਕਾ ਸੀ। ਮਾਂ ਦਾ ਕਿਸੇ ਹੋਰ ਨਾਲ ਟਾਂਕਾ ਫਿੱਟ ਸੀ ਛੋਟਾ ਭਰਾ ਇਤਰਾਜ ਨਹੀ ਸੀ ਕਰਦਾ, ਪਰ ਦਲਬੀਰ ਬਿਲਕੁਲ ਪਸੰਦ ਨਹੀ ਕਰਦਾ ਸੀ। ਦਲਬੀਰ ਦਾ ਛੋਟਾ ਭਰਾ ਕਾਫੀ ਚਿਰ ਜੇਲ੍ਹ ਵਿਚ ਰਿਹ ਆਇਆ ਸੀ। ਉਹ ਕਿਸੇ ਦੀ ਕੁੜੀ ਕੱਢ ਕੇ ਲੈ ਗਿਆ ਸੀ। ਮਾਂ ਬਾਪ ਨੇ ਦੋਵਾਂ ਨੂੰ ਲੱਭ ਲਿਆ ਤੇ ਕੁੜੀ ਨੇ ਮੁੰਡੇ ਦੇ ਖ਼ਿਆਫ ਬਿਆਨ ਦੇ ਦਿੱਤੇ। ਇਸੇ ਜ਼ੁਰਮ 'ਚ ਉਸ ਨੂੰ ਸਜਾ ਹੋ ਗਈ। ਦਲਬੀਰ ਚਾਹੇ ਅਮੀਰ ਆਦਮੀ ਨਹੀਂ ਸੀ, ਫਿਰ ਵੀ ਉਸ ਦਾ ਅਸਰ ਰਸੂਖ ਬਹੁਤ ਸੀ ਦਲਬੀਰ ਨੇ ਵਿਕਰਮ ਨੂੰ ਕਿਹਾ।

"ਨੇੜੇ ਪਿੰਡ ਮੇਰੇ ਸੋਹਰੇ ਹੈ। ਤਿੰਨ ਸਾਲੇ ਦੋ ਸਾਲੀਆ ਮੇਰਾ ਸਾਲਾ ਫੋਜ 'ਚ ਏਸ਼ੀਆ ਗੇਮਾਂ 'ਚ ਦੌੜ ਲਈ ਚੁਣਿਆ ਗਿਆ ਸੀ। ਦੋਵੇ ਸਾਲਿਆਂ ਦਾ ਇੱਕਠਿਆ ਦਾ ਵਿਆਹ ਹੈ ਆਪਾ ਵਿਆਹ ਚੱਲਣਾ ਹੈ...।"

ਵਿਕਰਮ ਮਨ ਗਿਆ ਮਾਂ ਪਿਉ ਨੇ ਜਾਣ ਦੀ ਆਗਿਆ ਦੇ ਦਿੱਤੀ ਮਾਂ ਪਿਉ ਨੂੰ ਪਤਾ ਸੀ ਦਲਬੀਰ ਚੰਗਾ ਬੰਦਾ ਹੈ । ਬੱਸ ਵਿਚ ਬੈਠ ਕੇ ਵਿਕਰਮ ਦਲਬੀਰ ਦੇ ਸੋਹਰੇ ਘਰ ਚਲਾ ਗਿਆ । ਬਾਰਡਰ ਤੇ ਪਿੰਡ ਹੋਣ ਕਰਕੇ ਪਿੰਡ ਕਾਫੀ ਪੱਛੜਿਆ ਹੋਇਆ ਸੀ। ਇਥੇ ਅਕਸਰ ਗੋਲਾ ਬਾਰੀ ਹੁੰਦੀ ਰਹਿੰਦੀ ਹੈ । ਕਈ ਵਾਰ ਪੁਲਿਸ ਵਾਲੇ ਮਰਦੇ ਤੇ ਕਈ ਵਾਰ ਇਥੋ ਦੇ ਵਸਨੀਕ। ਲੋਕਾਂ ਦੀ ਜਿੰਦਗੀ ਕਾਫੀ ਸਧਾਰਨ ਅਮਦਨ ਦੇ ਸਾਧਨ ਘੱਟ । ਜਿਹੜੇ ਸਾਲੇ ਦਾ ਵਿਆਹ ਸੀ ਉਹ ਕਾਫੀ ਸ਼ਰਾਬੀ ਘਰ 'ਚ ਸ਼ਰਾਬ ਦੀ ਭੱਠੀ ਲਗਾਈ ਗਈ ਸੀ। ਦਲਬੀਰ ਸਭ ਨੂੰ ਕਿਹਾ ਰਿਹਾ ਸੀ ਕੇ ਵਿਕਰਮ ਮੇਰਾ ਭਰਾ ਹੈ। ਜਿਸ ਵੱਡੇ ਦਾ ਵਿਆਹ ਸੀ ਉਹ ਟਰੱਕ ਡਰਾਇਵਰ ਸੀ । ਜਨਵਰੀ ਦਾ ਮਹੀਨਾ ਕਦੀ ਬਰਸਾਤ ਹੁੰਦੀ ਸਵੇਰੇ ਬਰਾਤ ਸੀ ਰਾਤ ਵੇਲੇ ਉਸ ਨੇ ਖ਼ੂਬ ਸ਼ਰਾਬ ਪੀਤੀ। ਬਾਹਰ ਬਰਾਂਡੇ 'ਚ ਸੁੱਤਾ ਰਿਹਾ। ਵਿਕਰਮ ਨੂੰ ਇਹ ਅਜੀਬ ਲੱਗਿਆ। ਸਵੇਰੇ ਉੱਠ ਕੇ ਵਿਕਰਮ ਦਲਬੀਰ ਨਾਲ ਬਰਾਤੇ ਚੱਲੇ ਗਿਆ।

"ਦਲਬੀਰ ਤੇਰੇ ਸਾਲੇ ਦੇ ਸੋਹਰਿਆ ਦੇ ਨੇੜੇ ਤੇੜੇ ਕੋਈ ਖ਼ੂਹ ਨਹੀ.....।"

"ਕਿਉ ਵਿਕਰਮ ਖ਼ੂਹ ਦਾ ਕੀ ਕਰਨਾ ਉਨ੍ਹਾਂ ਨੇ ......।"

"ਉਹ ਤੇਰੇ ਸਲਾਹਾਰ ਨੂੰ ਖ਼ੂਹ 'ਚ ਧੱਕਾ ਦੇ ਦੇਂਦਾ .....।"

" ਕਿਉਂ.....?"

"ਕਿਉ ਦਾ ਕੀ ਮਤਲਬ ਤੇਰੇ ਸਾਲੇ ਨਾਲ ਵਿਆਹ ਕਰਨ ਨਾਲ ਖ਼ੂਹ 'ਚ ਧੱਕਾ ਦੇ ਦਿੱਤਾ ਜਾਂਦਾ ਰੋਜ ਰੋਜ ਮਰਨ ਨਾਲੋ ਤਾਂ ਇਕ ਵਾਰ ਮਰਨਾ ਚੰਗਾ ਹੈ। ਇਹ ਵੀ ਕੋਈ ਬੰਦਾ ਹੈ ਸਵੇਰੇ ਬਰਾਤ ਹੈ ਰਾਤ ਸ਼ਰਾਬ ਪੀ ਕੇ ਬੇਹੋਸ਼ ਹੋਇਆ ਪਿਆ ਸੀ। ਇਸ ਨੇ ਵਿਆਹ ਦੀ ਜ਼ੁੰਮੇਵਾਰੀ ਸਵਾਹ ਨਿਭਾਣੀ ਹੈ। ਤੇਰੇ ਸੋਹਰੇ ਵੀ ਚੰਗੇ ਕਿਸੇ ਦੀ ਧੀ ਦੀ ਜਿੰਦਗੀ ਖਰਾਬ ਕਰਨ ਲੱਗਿਆ ਡਰ ਨਹੀ ਲੱਗਿਆ....।"

"ਗੱਲਾਂ ਤਾਂ ਤੇਰੀਆ ਸਾਰੀਆ ਠੀਕ ਹੈ। ਸਾਨੂੰ ਕੀ ਅੱਜ ਕੱਲ੍ਹ ਸਾਰੇ ਹੀ ਸਿਆਣੇ ਨੇ, ਉਹ ਨਹੀ ਕਿਸੇ ਦੀ ਗੱਲ ਮੰਨਦੇ ! ਹੈ ਤਾਂ ਗੱਲ ਮਾੜੀ ਪਰ ਸਾਡੇ ਸੋਚਿਆ ਕੀ ਬਣਦਾ ਹੈ। ਛੱਡ ਤੂੰ ਆਪਣਾ ਦਿਮਾਗ ਕਿਉ ਖਰਾਬ ਕਰਦਾ ਹੈ। ਦਲਬੀਰ ਬੰਬਈ ਕੰਮ ਕਰਨ ਗਿਆ ਉਥੇ ਉਸ ਦੀ ਸੈਟਿੰਗ ਹੋ ਹਈ ਪਰ ਉਸ ਦਾ ਦਿਲ ਨਾ ਲੱਗਿਆ । ਕੁੱਝ ਮਹੀਨਿਆ ਮਗਰੋ ਪੰਜਾਬ ਆ ਗਿਆ ਉਹ ਹੋਰ ਕਿਸੇ ਸ਼ਹਿਰ ਦੇ ਕਸਬੇ 'ਚ ਗਿਆ ਉਥੇ ਵੀ ਉਸ ਦੀ ਸੈਟਿੰਗ ਹੋ ਗਈ । ਨੇੜੇ-ਨੇੜੇ ਕਾਫੀ ਪਿੰਡ ਸਨ ਉਸ ਦੀ

ਜਾਣ ਪਹਿਚਾਣ ਕਾਫੀ ਹੋ ਗਈ। ਬਜ਼ੁਰਗ ਮਕਾਨ ਮਾਲਕ ਨਾਲ ਦਿਲੋ ਪਿਆਰ ਪੈ ਗਿਆ ਉਸ ਨੇ ਦਲਬੀਰ ਨੂੰ ਆਪਣਾ ਪੁੱਤ ਬਣਾ ਲਿਆ। ਕਾਫੀ ਪੈਸਾ ਦਲਬੀਰ ਨੂੰ ਲੱਗਾ ਦਿੱਤਾ ਸੁੱਖ ਨਾਲ ਦਲਬੀਰ ਨੇ ਆਪਣੀ ਨਿੱਜੀ ਫੈਕਟਰੀ ਲੱਗਾ ਲਈ ਸਦਾ ਸਦਾ ਵਾਸਤੇ ਦਲਬੀਰ ਉਥੇ ਹੀ ਸੈਂਟ ਹੋ ਗਿਆ। ਕਦੀ ਕਦੀ ਅਮ੍ਰਿੰਤਸਰ ਆਉਦਾ ਜਾਂ ਤਾਂ ਸਮਾਨ ਲੈਣ ਜਾ ਮਿਲਣ ਗਿਲਣ।

ਫੈਕਟਰੀ ਦਾ ਮਾਲਿਕ ਔਰਤਾਂ ਦਾ ਕਾਫੀ ਸ਼ੌਕੀਨ ਸੀ, ਉਸ ਦਾ ਦੋਸਤ ਮਨਜੀਤ ਇਸ 'ਚ ਉਸ ਦਾ ਸਾਥ ਦੇਂਦਾ ਕੋਈ ਨਾ ਕੋਈ ਔਰਤ ਫੈਕਟਰੀ 'ਚ ਆਈ ਰਹਿੰਦੀ। ਦਫ਼ਤਰ ਬੰਦ ਕਰਕੇ ਔਰਤਾਂ ਨਾਲ ਐਸ਼ ਹੁੰਦੀ। ਬਦਿਆ ਨੂੰ ਸਭ ਪਤਾ ਸੀ, ਬੰਦੇ ਹੀ ਕਿਉ ਆਂਢ ਗੁਆਂਢ ਸਭ ਨੂੰ ਪਤਾ ਪਰ ਕਿਸੇ ਨੂੰ ਕੀ ? ਛੋਟੀਆਂ ਫੈਕਟਰੀਆਂ ਦੀਆਂ ਸੋ ਸਮੱਸਿਆ ਸਨ, ਸਰਕਲ ਵੀ ਪੂਰਾ ਸੁਰਾ ਹੁੰਦਾ ਉਦਾਰ ਵੀ ਦੇਣਾ ਪੈਂਦਾ। ਦੁਕਾਨਦਾਰ ਫੈਕਟਰੀ ਵਾਲਿਆ ਦੇ ਪੱਲੇ ਕੁੱਝ ਨਹੀ ਪੈਣ ਦੇਂਦੇ। ਬਸ ਸਭ ਕੁੱਝ ਆਪਣੇ ਢਿੱਡ 'ਚ ਪਾਣ ਲਈ ਸੋਚਦੇ। ਪੰਜਾਬ ਦੇ ਹਲਾਤ ਬਦ ਨਾਲੋ ਬੱਤਰ ਹੋਏ ਪਏ ਸਨ। ਫਿਕਰ ਪ੍ਰਸਤੀ ਦੀ ਹਵਾ ਤਾਂ ਘੱਟ ਹੀ ਸਾਡਾ ਗੁਆਢੀ ਮੁਲਖ਼ (ਪਾਕਿਸਤਾਨ) ਸਾਡੇ ਦੇਸ਼ ਦੇ ਨੌਜਵਾਨਾਂ ਨੂੰ ਗੁੰਮਰਾਹ ਕਰਦਾ। ਸਾਰੇ ਲੀਡਰ ਵੀ ਕਿਹੜੇ ਘੱਟ ਜਿਸ ਸਿਆਸੀ ਪਾਰਟੀ ਦੇ ਹੋਣ ਸਭ ਲੋਕਾਂ ਦੀਆ ਲਾਸ਼ਾ ਤੇ ਆਪਣੀ ਰਾਜਨੀਤੀ ਦੀਆ ਰੋਟੀਆਂ ਸੇਕਦੇ। ਪਾਕਿਸਤਾਨ ਸਾਡੇ ਨੌਜਵਾਨਾਂ ਨੂੰ

ਗੁਮਰਾਹ ਕਰਕੇ ਉਨਾਂ੍ਹ ਦੇ ਹੱਥਾਂ 'ਚ ਆਧੁਨਿਕ ਹੱਥਿਆਰ ਫੜਾ੍ਹ ਰਿਹਾ ਸੀ। ਉਹ ਆਪਣੇ ਹੀ ਭੈਣ ਭਰਾਵਾਂ ਨੂੰ ਆਪਣੇ ਭੈਣ ਭਰਾਵਾਂ ਤੋ ਕਤਲ ਕਰਵਾ ਰਿਹਾ ਸੀ। ਉਨ੍ਹਾਂ ਨੂੰ ਵੱਖਰੇ ਮੁੱਲ ਦਾ ਲਾਲਚ ਦੇ ਰਿਹਾ ਸੀ। ਸਾਡੇ ਸਿਆਸਤ ਦਾਨ ਵੀ ਕਿਹੜੇ ਘੱਟ ਚਾਹੇ ਜਿਸ ਮਰਜ਼ੀ ਪਾਰਟੀ ਦਾ ਸੀ ਸਭ ਦਾ ਇਕ ਹਾਲ। ਉਹ ਵੀ ਆਪਣੇ ਨਿੱਜੀ ਹਿੱਤ ਪਿਆਰ ਕਰਦੇ ਨੌਜਵਾਨਾਂ ਦੇ ਜਜਬਾਤਾਂ ਦਾ ਖੂਬ ਫਾਇਦਾ ਚੁੱਕਦੇ। ਧਾਰਮਿਕ ਸਥਾਨਾਂ ਤੇ ਜਾਣ ਦਾ ਕੋਈ ਹੱਜ ਨਾ ਰਿਹਾ। ਬੱਸਾਂ ਤੋ ਲਾਹ-ਲਾਹ ਕੇ ਗੋਲੀਆਂ ਮਾਰੀਆਂ ਜਾਂਦੀਆਂ ਅਗਵਾਹ ਦੀ ਵਾਰਦਾਤ ਪੁਲਿਸ ਨਿੱਜੀ ਹਿੱਤ ਲਈ ਨੌਜਵਾਨਾਂ ਨੂੰ ਝੂੱਠੇ ਪੁਲਿਸ ਮੁਕਾਬਲਿਆ 'ਚ ਮਾਰ ਰਹੀ ਸੀ। ਪੁਲਿਸ ਵਾਲੇ ਹੀ ਨੌਜਵਾਨਾਂ ਨੂੰ ਅਗਵਾਹ ਕਰਕੇ ਉਨ੍ਹਾਂ ਕੋਲੋ ਮੂੰਹ ਮੰਗੀ ਫਰੋਤੀ ਵਸੂਲ ਕਰਦੇ। ਨਿੱਤ ਕਰਫਿਊ ਹੜਤਾਲਾਂ ਨੇ ਲੋਕਾਂ ਦਾ ਜਿਉਣਾ ਹਰਾਮ ਕਰ ਦਿੱਤਾ। ਬਹੁਤ ਸਾਰੇ ਲੋਕ ਪੰਜਾਬ ਛੱਡ ਕੇ ਗੁਆਢੀ ਰਾਜਾਂ ਵਿੱਚ ਆਪਣੀਆ ਫੈਕਟਰੀਆ ਕਾਰੋਬਾਰ ਲੈ ਗਏ। ਨਿੱਤ ਵੱਡੇ ਵੱਡੇ ਵਪਾਰੀਆਂ ਦੇ ਕਤਲ ਨੇਤਾ ਵਪਾਰੀ ਲੋਕ ਡਰੇ-ਡਰੇ ਸਹਿਮੇ-ਸਹਿਮੇ ਹਲਾਤ ਦੇ ਮੁਤਾਬਕ ਬੋਲੀ ਬੋਲਦੇ। ਪੰਜਾਬ 'ਚ ਫੋਜੀ ਕਰਵਾਈ ਹੋਈ ਬਦਲੇ 'ਚ। ਬਦਲੇ ਧਾਰਮਿਕ ਜਨੂੰਨ ਕਾਰਨ ਪ੍ਰਧਾਨ ਉਨਾਂ੍ਹ ਦੇ ਸੁਰਖਿਆ ਗਾਰਡਨ ਨੇ ਹੀ ਉਨਾਂ੍ਹ ਦਾ ਕਤਲ ਕਰ ਦਿੱਤਾ। ਇਹ ਕਤਲ ਕਾਹਦਾ ਹੋਇਆ ਕਿਆਮਤ ਆ ਗਈ। ਪਤਾ ਨਹੀ ਕਦੀ ਕਦੀ ਦੀ ਨਫ਼ਰਤ ਇਨ੍ਹਾਂ ਲੋਕਾਂ ਦੇ ਦਿੱਲਾਂ 'ਚ ਦਬਾਈ ਪਈ ਜਨੂੰਨ 'ਚ ਅੰਨ੍ਹੇ ਹੋਏ ਲੋਕਾਂ ਨੇ ਖੁਸ਼ੀ ਮਨਾਈ। ਇਨਾਂ੍ਹ ਵੱਡਾ ਦੇਸ਼ਾ ਇਨ੍ਹਾਂ ਸਿਆਣੇ ਅਤੇ ਸੁਲਝੇ ਸਿਆਸਤਦਾਨ, ਇੰਨੀਆਂ ਦੇਸ਼ਾਂ ਦੀਆਂ ਕਾਬਲ ਖੁਫੀਆ ਏਜਂਸੀਆਂ, ਕਾਬਿਲ ਪੁਲਿਸ, ਅਤੇ ਫੋਜ ਦੇ ਅਫ਼ਸਰ ਹੁੰਦੀਆ ਦੇਸ਼ ਦੀ ਰਾਜਧਾਨੀ ਅਤੇ ਹੋਰ ਦੇਸ਼ ਦੇ ਵੱਡੇ ਵੱਡੇ ਸੂਬਿਆ 'ਚ ਵਹਿਸ਼ਤ ਦਾ ਨੰਗਾ ਨਾਚ ਹੋਇਆ। ਬੇਕਸੂਰ ਸ਼ਰੀਫ ਲੋਕਾਂ ਨੂੰ ਦਿਨ ਦਿਹਾੜੇ ਕਤਲ ਕੀਤਾ ਗਿਆ। ਧੀਆਂ ਭੈਣਾਂ ਦੀਆਂ ਇੱਜਤਾਂ ਨਾਲ ਖੁੱਲੇ ਆਮ ਖੇਡਿਆ ਗਿਆ। ਗਲੀਆਂ, ਬਜ਼ਾਰਾਂ 'ਚ ਨਗਿਆ ਕੀਤਾ ਗਿਆ। ਅਰਬਾਂ ਰੁਪਏ ਦੀ ਜਾਇਦਾਦ ਸਾੜ ਕੇ ਸਵਾਹ ਕੀਤੀ ਗਈ, ਗਲਾਂ੍ਹ 'ਚ ਟਾਈਰ ਪਾ ਕੇ ਲੋਕਾਂ ਨੂੰ ਸੜਕਾ 'ਚ ਜਿਉਂਦਾ ਸਾੜਿਆ ਗਿਆ। ਕੇਸ ਕਤਲ ਕੀਤੇ ਗਏ ਜਾਨ ਨਾਲੋ ਵੱਧ ਪਿਆਰ ਕੇਸ ਨੂੰ ਸਰੀਰ ਨਾਲੋ ਅਲੱਗ ਕੀਤਾ ਗਿਆ। ਨਾ ਹੀ ਦੇਸ਼ ਦੀ ਪੁਲਿਸ ਨੇ ਅੱਖਾਂ ਖੋਲੀਆਂ, ਨਾ ਹੀ ਫੋਜ ਨੇ। ਸਭ ਤਮਾਸ਼ਬੀਨ ਬਣੇ ਰਹੇ। ਇਸ ਪਿੱਛੇ ਹਕੂਮਤ ਕਰ ਰਹੀ ਸਰਕਰ ਦਾ ਹੱਥ ਹੋਣ ਦੇ ਸੰਕੇਤ ਮਿਲ ਰਹੇ ਸਨ। ਇਹ ਕਤਲੋ ਗਾਰਤ ਇਕ ਘੰਟਾ ਨਹੀ, ਇਕ ਦਿਨ ਨਹੀਂ, ਕਈ ਦਿਨ ਦੇਸ਼ ਦੇ ਵੱਖ ਹਿੱਸਿਆ 'ਚ ਵਹਿਸ਼ ਦਾ ਨੰਗਾ ਨਾਚ ਹੁੰਦਾ ਰਿਹਾ। ਇਹ ਹਾਲਤ ਤਾਂ ਦੇਸ਼ ਵੰਡ ਵੇਲੇ ਵੀ ਨਹੀ ਸੀ। ਧਾਰਮਿਕ ਅਤੇ ਸਿਆਸੀ ਲੀਡਰ ਇਸ ਵਹਿਸ਼ੀ ਖੇਡ ਦੀ ਅੰਦਰ ਖਾਤੇ ਜਾਂ ਖੁੱਲੇ ਆਮ ਅਗਵਾਈ ਕਰ ਰਹੇ ਸਨ। ਦੁਨੀਆ ਦੇ ਸਭ ਨਾਲੋ ਵੱਡੇ ਲੋਕ ਤੰਤਰ 'ਚ ਸਭ ਨਾਲ ਘਟੀਆ (ਇਨਸਾਨੀਅਤ ਦਾ ਖੁਲ੍ਹੇਆਮ ਕਤਲ) ਜਿਸ ਨੂੰ ਸੁਣ ਕੇ ਰੂਹ ਕੰਬ ਉਠਦੀ ਹੈ। ਆਦਮੀ ਆਤਮਾ ਲਹੂ ਲਹਾਨ ਹੋ ਜਾਂਦੀ ਹੈ। ਕੋਈ ਵੀ ਇਨ੍ਹਾਂ ਬੇਕਸੂਰਾ ਨੂੰ ਬਚਾਉਣ ਨਹੀ ਆਇਆ। ਸਭ ਨੂੰ ਰੱਬ ਦੇ ਆਸਰੇ ਛੱਡਿਆ ਗਿਆ। ਇਹ ਜਖ਼ਮ ਕਈ ਸਾਲ ਨਾ ਭਰਨ ਵਾਲੇ ਸਨ। ਆਪਣੇ ਹੀ ਘਰ ਦੇਸ਼ 'ਚ ਬੇਗਾਨੇ ਹੋ ਗਏ ਸਨ। ਅਮੀਰ ਅਤੇ ਇੱਜ਼ਤ ਦਾਰ ਭਿਖਾਰੀ ਬਣ ਗਏ, ਦੂਜਿਆ ਨੂੰ ਸਹਾਰਾ ਦੇਣ ਵਾਲੇ ਖੁਦ ਭਿਖਾਰੀ ਬਣ ਗਏ।

ਇਸ ਸਭ ਦਾ ਅਸਰ ਇਕ ਵਾਰ ਫਿਰ ਪੰਜਾਬ ਤੇ ਫਿਰ ਪਿਆ। ਖੁਦਗਰਜ ਇਸਾਨੀਅਤ ਅਤੇ ਪਾਕਿਸਤਾਨ ਨੂੰ ਫਿਰ ਪੰਜਾਬ 'ਚ ਹਿੰਸਾ ਦੀ ਅੱਗ ਭੜਕਾਉਣ ਦਾ ਮੋਕਾ ਮਿਲਿਆ। ਚਾਹੇ ਜੋ ਵੀ ਮਰਜ਼ੀ ਸੀ ਪੰਜਾਬ ਦੇ ਭਾਈ ਚਾਰੇ 'ਚ ਕੋਈ ਫਰਕ ਨਾ ਪਿਆ। ਹਿੰਦੂ ਸਿੱਖਾ ਦਾ ਨੂੰਹ ਮਾਸ ਦਾ ਰਿਸ਼ਤਾ ਡੂੰਘਾ ਪਿਆਰ ਅਤੇ ਸੱਚਾ ਭਾਈਚਾਰ ਹੋਣ ਕਰਕੇ ਇਨ੍ਹਾਂ ਸਮਾਜ ਵਿਰੋਧੀ ਲੋਕਾਂ ਨੂੰ ਮੂੰਹ ਦੀ ਖਾਣੀ ਪਈ। ਕਾਰੋਬਾਰ ਸ਼ਾਹੀ ਚਾਹੁੰਦਾ ਹੈ ਇਸ ਦਹਿਸ਼ਤ ਵਾਦ ਦੇ ਮਹੋਲ ਦੇ ਕਾਰਨ ਕਾਰੋਬਾਰ ਨੂੰ ਕਾਫੀ ਫਰਕ ਪਿਆ। ਬਹੁਤ ਸਾਰੀਆਂ ਫੈਕਟਰੀਆ ਇਕ ਵਾਰ ਫਿਰ ਬੰਦ ਹੋਣ ਲੱਗ ਪਈਆਂ।

ਵਿਕਰਮ ਇਸੇ ਮਹੌਲ 'ਚ ਫੈਕਟਰੀ ਦੇ ਪੈਸੇ ਲੈਣ ਦੂਸਰੇ ਸ਼ਹਿਰ ਜਾਂਦਾ । ਫੈਕਟਰੀਆਂ ਛੇਤੀ ਬੰਦ ਹੋ ਜਾਂਦੀਆਂ । ਵਿਕਰਮ ਦਾ ਸੀਨੀਅਰ ਕਾਰੀਗਰ ਕੰਮ ਛੱਡ ਗਿਆ । ਹੁਣ ਵਿਕਰਮ ਕੋਲ ਕੰਮ ਸਿੱਖਣ ਵਾਲੇ ਬੰਦੇ ਆਏ । ਵਿਕਰਮ ਉਨਾਂ੍ਹ ਨੂੰ ਕੰਮ ਸਿਖਾਉਦਾ । ਪੈਸੇ ਦੇ ਮਾਮਲੇ 'ਚ ਮਾਲਕ ਫਿਰ ਵਿਕਰਮ ਨੂੰ ਤੰਗ ਕਰਨ ਲੱਗ ਪਿਆ । ਮਾਲਿਕ ਮਾਰਕੀਟ ਦਾ ਕਰਜਾਈ ਤਾਂ ਪਹਿਲੇ ਹੀ ਸੀ ਹੁਣ ਹੋਰ ਹੋ ਗਿਆ । ਲੋਕ ਪੈਸੇ ਲੈਣ ਆਉਂਦੇ ਮਾਲਕ ਮਿਲਦਾ ਨਹੀ । ਇਕ ਦੁਕਾਨਦਾਰ ਵਿਕਰਮ ਦੇ ਮਗਰ ਹੀ ਪੈ ਗਿਆ । ਉਸ ਨੇ ਕਿਹਾ ਕਿ ਮੈਨੂੰ ਮਾਲਕ ਦੇ ਘਰ ਲੈ ਚੱਲ । ਵਿਕਰਮ ਮਜ਼ਬੂਰ ਉਸ ਨੂੰ ਮਾਲਕ ਦੇ ਘਰ ਲੈ ਗਿਆ । ਪਿਉ ਵਕੀਲ ਸੀ, ਦੁਕਾਨਦਾਰ ਪਿਉ ਨਾਲ ਕਾਫੀ ਵੱਧ ਘੱਟ ਗੱਲਾਂ ਕਰਕੇ ਗਿਆ । ਮਾਲਿਕ ਦਾ ਪਿਉ ਮਾਲਕ ਨੂੰ ਖੂਬ ਗੁਸੇ ਹੋਇਆ ਮਾਲਕ ਭਰਿਆ ਪੀਤਾ ਵਿਕਰਮ ਦੇ ਦਵਾਲੇ ਹੋ ਗਿਆ । ਵਿਕਰਮ ਨੂੰ ਵੀ ਗੁੱਸਾ ਆ ਗਿਆ । ਉਸ ਨੇ ਸੋਚਿਆ ਇਕ ਤਾਂ ਮੈ ਜੁੰਮੇਵਾਰੀ ਦਾ ਬੋਝ ਚੁਕਦਾ ਹਾਂ, ਦੂਜਾ ਇਸ ਦੀਆ ਗਗਾ੍ਹਲਾ ਸੁਨਣੀਆਂ ਪੈਂਦੀਆਂ ਹਨ । ਵਿਕਰਮ ਨੇ ਗੁੱਸੇ 'ਚ ਸਾਫ ਸਾਫ ਕਹਿ ਦਿੱਤਾ। "ਤੁਹਾਨੂੰ ਕੋਲ ਕੰਮ ਨਹੀ ਕਰਨਾ, ਮੈ ਕੰਮ ਕਰਦਾ ਹਾਂ ਤੇ ਪੈਸੇ ਲੈਂਦਾ ਹਾਂ ਤੁਹਾਡੀਆ ਫਜ਼ੂਲ ਗੱਲ੍ਹਾਂ ਕਿਉ ਸੁਣਾ ? ਮੈ ਤੁਹਾਡਾ ਕੋਈ ਕਰਜਾ ਨਹੀ ਦੇਣਾ .....।"

ਕਾਹਲੀ-ਕਾਹਲੀ ਵਿਕਰਮ ਨੇ ਕੰਮ ਵਾਲੇ ਕੱਪੜੇ ਲਾਹੇ ਤੇ ਦੂਜਾ ਕਪੜੇ ਪਏ ਤੇ ਤੁਰ ਪਿਆ ਘਰ ਵੱਲ ਨੂੰ । ਮਾਲਕ ਨੇ ਵੇਖਿਆ ਵਿਕਰਮ ਗੁੱਸੇ 'ਚ ਹੈ ਮਾਲਕ ਹੁਣ ਬੜੇ ਪਿਆਰ ਨਾਲੋ ਬੋਲਿਆ।

ਵਿਕਰਮ ਤੂੰ ਮੇਰਾ ਭਰਾ ਹੈ ਤੇਰੇ ਤੇ◌ੇ ਮਾਣ ਹੈ ਗੁੱਸਾ ਨਹੀ ਕਰੀਦਾ । ਠੰਡੇ ਦਿਮਾਗ ਨਾਲ ਸੋਚ ਇਹ ਦੁਕਾਨਦਾਰ ਸਾਲੇ ਬਹੁਤ ਚਲਾਕ ਹੁੰਦੇ ਨੇ । ਇਨਾਂ੍ਹ ਆਪ ਪਤਾ ਨਹੀ ਕਿੰਨ੍ਹੇ-ਕਿੰਨ੍ਹੇ ਲੋਕਾਂ ਦੇ ਪੈਸੇ ਦੇਣੇ ਹੁੰਦੇ ਹਨ । ਹੋਲੀ ਹੋਲੀ ਪੈਸੇ ਮੈ ਦੇ ਹੀ ਰਿਹਾ ਹਾਂ । ਤੈਨੂੰ ਤਾਂ ਪਤਾ ਹੈ ਮਾਰਕੀਟ ਕਿਵੇ ਚੱਲ ਰਹੀ ਹੈ । ਅਸੀਂ ਵੀ ਤਾਂ ਅੱਗੋ ਉਦਾਰ ਮਾਲ ਦੇਂਦੇ ਹਾਂ । ਅਸੀਂ ਤਾਂ ਲੋਕਾਂ ਦੇ ਘਰ ਨਹੀ ਜਾਂਦੇ । ਪਤਾ ਪਿਤਾ ਜੀ ਨੇ◌ੇ ਮੈਨੂੰ ਕਿੰਨ੍ਹੇ ਦਬਕੇ ਮਾਰੇ ਤੂੰ ਜੁਮੇਵਾਰ ਬੰਦਾ ਹੈ । ਤੂੰ ਤਾਂ ਮੇਰੀ ਸੱਜੀ ਬਾਂਹ ਹੈ । ਐਵੀ ਗੁੱਸਾ ਨਹੀ ਕਰੀਦਾ । ਦੋ ਕੁ ਦਿਨ ਘੁੰਮ ਫਿਰ ਆ ਫਿਰ ਕੰਮ ਤੇ ਆ ਜਾਵੇ ਮੂਰਖ ਨਾ ਹੋਵੇ ਤੇਰੀ ਤਾਂ ਆਪਣੀ ਫੈਕਟਰੀ ਹੈ....।"

ਵਿਕਰਮ ਨੇ ਉਸ ਫੈਕਟਰੀ ਵਿੱਚ ਕਾਫੀ ਸਮਾਂ ਕੰਮ ਕੀਤਾ । ਤਕਰੀਬਨ ਕਾਫੀ ਕੰਮ ਸਿੱਖ ਗਿਆ ਮਤੱਲਬ ਰੋਟੀ ਪਾਣੀ ਜੋਗਾ ਹੋ ਗਿਆ । ਆਪਣਾ ਨਿੱਜੀ ਕਾਰਖਾਨਾ ਜਾਂ ਦੁਕਾਨ ਪਾਉਣ ਦੇ ਕਾਬਲ ਹੋ ਗਿਆ। ਇਸ ਦਾ ਅਹਿਸਾਸ ਵਿਕਰਮ ਦੇ ਮਾਂ ਬਾਪ ਨੂੰ ਵੀ ਹੋ ਗਿਆ ਸੀ । ਰਾਹੁਲ, ਸ਼ਾਂਤੀ ਅਤੇ ਦੌਲਤ ਰਾਮ ਇਕੱਠੇ ਬੈਠੇ।

"ਰਾਹੁਲ ਬੇਟਾ.....।"

"ਹਾਂ ਪਿਤਾ ਜੀ ਦੱਸੋ...?"

"ਵਿਕਰਮ ਕੰਮ ਕਰਦਿਆ ਕਾਫੀ ਸਮਾਂ ਹੋ ਚੁੱਕਾ ਹੈ ਮਿਹਨਤੀ ਅਤੇ ਇਮਾਨਦਾਰ ਵੀ ਹੈ ਆਪਣੇ ਕੰਮ 'ਚ .....।" ਦੌਲਤ ਰਾਮ ਦੇ ਗੱਲਾਂ ਕਰਦਿਆਂ ਵਿਕਰਮ ਵੀ ਆ ਗਿਆ । "ਠੀਕ ਹੈ ਭਾਪਾ ਜੀ ਵਿਕਰਮ ਕੋਲ ਹੀ ਪੁੱਛ ਲੈਂਦੇ ਹਾਂ ਕਿਉ ਵਿਕਰਮ ਆਪਣਾ ਨਿੱਜੀ ਕਾਰੋਬਾਰ ਕਰ ਲਵੇਗਾ...।"

"ਕਿਉ ਨਹੀ ਭਾਪਾ ਜੀ! ਅਤੇ ਰਾਹੂਲ ਭਾਅ ਜੀ ਮੈਨੂੰ ਕਾਫੀ ਕੰਮ ਆ ਗਿਆ ਹੈ । ਵੈਸੇ ਤਾਂ ਕਾਰੀਗਰ ਬੰਦਾ ਸਾਰੀ ਉਮਰ ਨਹੀ ਬਣਦਾ ਖਾਅ ਸਕਦਾ ਹੈ ....."

"ਕਿਉ ਸ਼ਾਤੀ ਵਿਕਰਮ ਨੂੰ ਦੁਕਾਨ ਲੈ ਦੇਂਦੇ ਹਾਂ । ਆਪੇ ਹੀ ਦੁਕਾਨਦਾਰੀ ਸੈਟ ਕਰ ਲਵੇਗਾ ।

"ਹਾਂ ਪਿਤਾ ਜੀ ਵਿਕਰਮ ਫੈਕਟਰੀ 'ਚ ਵੀ ਜੁਮੇਵਾਰੀ ਨਾਲ ਕੰਮ ਕਰਦਾ ਹੈ, ਜਦ ਮੇਰੇ ਕੋਲ ਸਮਾਂ ਹੋਵਗਾ ਮੈ ਆਪਣੇ ਭਰਾ ਦੀ ਪੂਰੀ ਪੂਰੀ ਮਦਦ ਕਰਾਂਗਾ । ਨਾਲੇ ਪਿਤਾ ਜੀ ਹੁਣ ਤੁਸੀ ਵੀ ਨੌਕਰੀ ਤੋ ਸੇਵਾ ਮੁਕਤ ਹੋਣ ਵਾਲੇ ਹੋ ਤੁਹਾਡੇ ਕੋਲ ਸਮਾਂ ਹੀ ਸਮਾਂ । ਮਾਲਕ ਨਾਲ ਵੀ ਗੱਲ ਕਰ ਲੈਣਾ ....।"

ਜਦ ਮਾਲਕ ਨਾਲ ਗੱਲ ਕੀਤੀ ਇਕ ਪੱਲ ਹੀ ਲਈ ਉਸ ਨੂੰ ਚਿੰਤਾ ਤਾਂ ਹੋਵੇ ਦੂਸਰੇ ਪਾਸੇ ਉਸ ਦਾ ਮਨ ਖੁਸ਼ ਹੋ ਗਿਆ ਉਸਦਾ ਭਰਾਵਾਂ ਵਰਗਾ ਵਿਕਰਮ ਦੀ ਜਿੰਦਗੀ ਦਾ ਸਵਾਲ ਹੈ । ਫੈਕਟਰੀ ਏਰੀਆ ਦੁਕਾਨ ਵੇਖੀ ਗਈ । ਸੁੱਖਣਾਂ ਸੁੱਖ ਕੇ ਭਾਗਾ ਵਾਲਾ ਦਿਨ ਆ ਗਿਆ । ਸਭ ਵਿਕਰਮ ਦੇ ਸ਼ੁਭਚਿੰਤਕ ਸਨ । ਵਿਕਰਮ ਅਤੇ ਸਭ ਦੀ ਮਿਹਨਤ ਰੰਗ ਲਿਆਈ ਸੁੱਖ ਨਾਲ ਦੁਕਾਨ ਲੈ ਲਈ ਗਈ ।

"ਵਿਕਰਮ...।"

"ਹਾਂ ਭਾਪਾ ਜੀ ਦੱਸੋ ...?"

"ਵਿਕਰਮ ਤੂੰ ਜਿਸ ਨੂੰ ਕਹਿਣ ਹੈ ਕਿਹਾ ਰਾਹੂਲ ਅਤੇ ਮੈ ਵੀ ਆਪਣੇ ਖਾਸ ਖਾਸ ਬਦਿਆਂ ਨੂੰ ਕਿਹਾ ਹੈ...।"

"ਬੇਟਾ ਆਪਣੇ ਮਾਲਕ ਨੂੰ ਵੀ ਜਰੂਰ ਸੱਦੀ .....।" ਸ਼ਾਤੀ ਕੋਲ ਬੈਠੀ ਚਾਅ ਨਾਲ ਬੋਲੀ।

"ਕਿਉ ਨਹੀ ਮੰਮੀ ਜੀ ਉਨ੍ਹਾਂ ਨੂੰ ਜਰੂਰ ਕਹਿਣਾ...।"

"ਕਿਉ ਨਹੀ ਆਪਣੇ ਪੁਰਾਣੀ ਮਾਲਕ ਨੂੰ ਵੀ ਸੱਦ ਲਈ ਬੰਦੇ ਦੀ ਇੱਜਤ ਮਾਣ ਹੀ ਹੁੰਦੀ ਹੈ....।" ਵਿਕਰਮ ਦੇ ਪਿਤਾ ਨੇ ਕਿਹਾ "ਅੱਛਾ ਭਾਪਾ ਜੀ....।"

ਉਹ ਭਾਗਾਂ ਵਾਲਾ ਦਿਨ ਆ ਗਿਆ । ਅੱਜ ਵਿਕਰਮ ਦੀ ਦੁਕਾਨ ਦਾ ਮਹੂਰਤ ਸੀ । ਸਭ ਖੁਸ਼ੀ ਨਾਲ ਇਕ ਦੂਜੇ ਦਾ ਮੂੰਹ ਮਿੱਠਾ ਕਰ ਰਹੇ ਸਨ ।



## ਰਵਿੰਦਰ ਰਵੀ ਦੀਆਂ ਚਾਰ ਕਵਿਤਾਵਾਂ

### ਮੇਰਾ ਪਿਰਾਮਿਡ

ਮੈਂ ਵੀ ਆਪਣਾ [1]ਪਿਰਾਮਿਡ
ਬਣਾ ਦਿੱਤਾ ਹੈ।
ਮਰਨ ਤੋਂ ਪਹਿਲਾਂ ਹੀ ਜੀਵਨ ਨੂੰ,
ਅਮਰਤਾ ਦੇ ਰਾਹ ਪਾ ਦਿੱਤਾ ਹੈ।
ਮਿਸਰ ਦੇ [2]ਫੈਰੋ ਮੌਤ ਦੇ ਗਿਆਤਾ ਸਨ।
ਸਰੀਰਾਂ ਤੋਂ [3] ਮੰਮੀਆਂ ਬਣੇ,
ਉਹ ਅੱਜ ਵੀ,
ਹਜ਼ਾਰਾਂ ਸਾਲ ਬਾਅਦ,
ਦੂਜਾ ਜੀਵਨ ਲੋਚਦੇ ਹਨ।

ਪਿਰਾਮਿਡ-ਕਲਾ ਹੀ,
ਅਮਰਤਾ ਦੇ ਆਰ ਪਾਰ ਵਿਚਰਦੀ,
ਦੂਜੀ ਜ਼ਿੰਦਗੀ ਹੈ।

ਮੈਂ ਰਾਜਾ ਨਹੀਂ,  ਕਵੀ ਹਾਂ।
ਸ਼ਬਦ 'ਚੋਂ ਫੁੱਲ ਖਿੜਾ ਸਕਦਾ ਹਾਂ,
ਹਵਾ ਨੂੰ ਮਹਿਕਣਾ ਸਿਖਾ ਸਕਦਾ ਹਾਂ।
ਛਿਣ ਦੇ ਸੱਚ ਨੂੰ, "ਆਦਿ
ਸੱਚ", "ਜੁਗਾਦਿ ਸੱਚ" ਬਣਾ ਸਕਦਾ ਹਾਂ।
"ਸੂਰਜ" ਨੂੰ "ਰੌਸ਼ਨੀ" ਦੇ
ਅਰਥ,
ਮੈਂ ਹੀ ਦਿੱਤੇ ਹਨ।
"ਰੱਬ" ਨੂੰ ਵੀ "ਰੱਬ" ਮੈਂ ਹੀ ਬਣਾਇਆ ਸੀ।
ਗਿਆਨ ਤੇ ਅਗਿਆਨ ਦੀ ਜੰਗ
ਵਿਚ,
ਭੁੱਲ ਤੇ ਪਹਿਚਾਣ ਦੀ ਜੰਗ ਵਿਚ,
ਮੈਂ ਵਿਕਾਸ ਵਾਂਗ ਵਿਚਰਿਆ ਹਾਂ।
[4]ਬਰਕੀ [5]ਰਿਣ [6]ਧਨ ਦੇ ਮਿਲਾਪ 'ਚੋਂ,
ਇਕ ਨਵਾਂ ਨੂਰ ਬਣ ਚਮਕਿਆ ਹਾਂ।

ਪਰਬਤ, ਸਾਗਰ, ਨਦੀਆਂ,
ਝੀਲਾਂ, ਅੰਬਰ, ਪੰਖੀ, ਚੰਨ,
ਨਖਯਤਰ, ਸਭ ਦਿਸਦਾ,
ਅਣਦਿਸਦਾ – ਕਲਪਨਾ
ਤੇ ਗਿਆਨ ਦੇ ਸੁਮੇਲ 'ਚੋਂ, ਮੈਂ,
ਸ਼ਬਦ ਵਿਚ ਉਤਾਰ ਲਿਆ ਹੈ।

ਮੇਰੇ ਸ਼ਬਦ ਮੁਰਦਾ ਨਹੀਂ,
ਇਨ੍ਹਾਂ ਵਿਚ ਮੇਰੇ ਨੈਣ ਨਕਸ਼,
[7]ਜਨੈਟਿਕ ਉਂਗਲੀ-ਨਿਸ਼ਾਨ,
ਹਾਵਾਂ, ਭਾਵਾਂ, ਅਰਥਾਂ ਦੇ ਪਛਾਣ-ਚਿੰਨ੍ਹ,
ਸਾਹ ਲੈਂਦੇ ਹਨ।

ਮਨੁੱਖ ਸ਼ਬਦ ਹੀ ਤਾਂ ਹੈ!
ਮੈਂ ਆਪਣੇ ਸ਼ਬਦ ਤੇ ਪਛਾਣ-ਚਿੰਨ੍ਹ,
[8]ਸਾਈਬਰ-ਸਪੇਸ ਵਿਚ ਧਰ
ਦਿੱਤੇ ਹਨ।
ਆਪਣੇ [9]ਬਲੌਗ, ਆਪਣੇ
[10]ਵੈੱਬ-ਸਾਈਟ ਵਿਚ,
ਅਨਿਕ ਸੂਰਜ ਰੌਸ਼ਨ ਕਰ ਦਿੱਤੇ ਹਨ।
ਮੇਰੇ ਸ਼ਬਦ, ਮੁਰਦਾ ਮੰਮੀਆਂ
ਨਹੀਂ, ਜਗਦੀ, ਦਗਦੀ ਤੇ
ਮਘਦੀ ਹਕੀਕਤ ਹਨ।
ਮੈਂ ਮਿਸਰ ਦਾ ਰਾਜਾ ਨਹੀਂ,
ਕਲਮ ਤੇ ਸ਼ਬਦ ਦਾ ਕਿਰਤੀ ਹਾਂ।
ਮੇਰਾ ਬਲੌਗ, ਮੇਰਾ ਵੈੱਬ-ਸਾਈਟ ਹੀ,
ਮੇਰਾ ਪਿਰਾਮਿਡ ਹੈ!!!

............................

. 1. *ਪਿਰਾਮਿਡ –Pyramid;*   *2ਫੈਰੋ – Pharaoh, ਪਰਾਚੀਨਕਾਲਦਾਮਿਸਰੀਰਾਜਾ* 3*ਮੰਮੀਆਂ – Mummies* 4*ਬਰਕੀ – Electricity* 5*ਰਿਣ – Negative* 6*ਧਨ – Positive* 7*ਜਨੈਟਿਕ ਉਂਗਲੀ-ਨਿਸ਼ਾਨ – Genetic Finger Print* 8*ਸਾਈਬਰ-ਸਪੇਸ – Cyber-space* 9*ਬਲੌਗ – Blog* 10*ਵੈੱਬ-ਸਾਈਟ – Web-site*

## ਇਕ ਕੁੜੀ

ਉਹ ਲੜਕੀ ਸੀ,
ਇਕ ਗ਼ਜ਼ਲ ਜਿਹੀ,
ਸ਼ਿਅਰਾਂ ਵਿਚ ਜ਼ੁਲਫਾਂ ਦੀ ਛਾਂ ਸੀ।
ਚਿਹਰੇ 'ਤੇ ਨੂਰ ਸੀ ਬ੍ਰਹਮੰਡਦਾ, ਅੱਖਾਂ ਵਿਚ ਮੇਰੇ ਲਈ ਥਾਂ ਸੀ।
ਨਕਸ਼ਾਂ ਵਿਚ ਫੁੱਲਾਂ ਦੀ ਆਭਾ,
ਹੋਠਾਂ 'ਚੋਂ ਪੱਤੀਆਂ ਦਾ ਕਿਰਨਾ –
ਉਹ ਮੋਹ ਸੀ, ਉਹ ਮਹਿਬੂਬ
ਨਿਰੀ, ਉਸ ਅੰਦਰ ਮਮਤਾ ਸੀ,
ਮਾਂ ਸੀ।

ਉਹ ਬੋਲੇ, ਕਵਿਤਾ ਝਰਦੀ ਸੀ,
ਉਹ ਤੁਰਦਾ ਫਿਰਦਾ ਗੀਤ ਸੀ ਇਕ।
ਬਿਨ ਸਾਜ਼ੋਂ ਸੀ ਸੰਗੀਤ ਕੋਈ,
ਬੋਲਾਂ ਵਿਚ ਮੇਰਾ ਹੀ ਨਾਂ ਸੀ।
ਉਹ ਹੱਸੇ, ਬੱਦਲ ਗੱਜਦੇ ਸਨ,
ਅੱਖਾਂ ਵਿਚ ਲਿਸ਼ਕ ਸੀ ਬਿਜਲੀ ਦੀ।
ਥਲ ਤਪਦੇ, ਵੱਸਦਾ ਮੀਂਹ ਸੀ ਉਹ,
ਉਹ ਕੇਵਲ ਮੇਰੀ ਹੀ ਛਾਂ ਸੀ।
ਉਹ ਕੁੜੀ ਹੈ ਕਿੱਧਰ ਚਲੇ ਗਈ?
ਉਹ ਛਲ ਸੀ,
ਵਲ ਕਿ ਵਲੇਵਾਂ ਸੀ?
ਉਹ ਭਰਮ-ਜਲਾਂ ਦੀ ਜਨਣੀ ਸੀ? ਜਾਂ ਸੁੱਚੇ ਸੱਚ ਦੀ ਹੀ ਮਾਂ ਸੀ?

ਉਹ ਕੁੜੀ ਸੀ, ਜਾਂ ਉਹ ਜ਼ਿੰਦਗੀ ਸੀ??
ਜੁ ਜਨਮ ਦੇ ਚੱਕਰ ਵਿਚ ਪੈ ਗਈ???
ਉਹ ਧੀ ਸੀ, ਉਹ ਮਾਸ਼ੂਕ ਬਣੀ, ਉਹ ਪੋਤੇ, ਪੋਤੀ ਦਾ ਨਾਂ ਸੀ!!!

## ਵਰੋਲੇ ਤੇ ਦਾਵਾਨਲ

ਹਵਾਵਾਂ ਦੀ ਬੋਲੀ, ਬੋਲਦੇ, ਬੋਲਦੇ,
ਵਰੋਲਿਆਂ 'ਚ ਘਿਰ ਗਏ!
ਸਾਨੂੰ ਕੀ ਪਤਾ ਸੀ, ਏਸ ਵਾਦ,
ਏਸ ਮੱਤ 'ਚ, ਵਰੋਲਾ ਹੈ!!!
ਆਪਣੇ ਹੀ ਅੰਦਰ, ਬਾਹਰ, ਤੇਜ਼ੀ
ਨਾਲ ਘੁੰਮ ਰਹੇ, ਟੁੱਟ ਤੇ ਬਿਖਰ ਰਹੇ।
ਅਸੀਂ ਤਾਂ ਦੇਸ਼ਾਂ, ਰੰਗਾਂ, ਨਸਲਾਂ, ਧਰਮਾਂ,
ਸਰਹੱਦਾਂ ਤੋਂ ਪਾਰ ਜਾਣਾ ਸੀ,
ਹਵਾਵਾਂਗ, ਮਹਿਕਵਾਂਗ!!!
ਅੱਗ ਬਾਲੀ ਸੀ, ਅਸੀਂ ਨਿੱਘ ਲਈ, ਚੁੱਲ੍ਹੇ ਲਈ।
ਅੱਗ ਲੱਗੀ ਰੁੱਖ ਨੂੰ,
ਰੁੱਖ ਤੋਂ ਮਨੁੱਖ ਨੂੰ!!!
ਮਨਾਂ ਵਿਚ, ਘਰਾਂ ਵਿਚ, ਸੜਕਾਂ,
ਦਿਸ਼ਾਵਾਂ ਵਿਚ, ਦਾਵਾਨਲ!!!

## ਬ੍ਰਹਮੰਡ ਤੋਂ ਪਿੰਡ

ਬੂਹਾ ਭੀੜ ਕੇ ਤੁਰ ਗਏ ਸੱਭੇ ਸੱਜਣ, ਮੀਤ, ਪਿਆਰੇ।
ਬ੍ਰਹਮੰਡ ਤੋਂ ਅਸੀਂ ਪਿੰਡ ਬਣ ਗਏ, ਪਿੰਡ ਦੇ ਅਜਬ ਨਜ਼ਾਰੇ।
ਤਾਕੀਆਂ ਅਤੇ ਝਰੋਖੇ ਆਪਣੇ, ਆਪਣੀਆਂ ਹੀ ਦੀਵਾਰਾਂ।
ਖੁਦ ਵਿਚ ਤੁਰਨਾ, ਖੁਦ ਤਕ
ਤੁਰਨਾ – ਆਪਣੀਆਂ ਜਿੱਤਾਂ, ਹਾਰਾਂ।
ਆਪਣਾ ਸ਼ੀਸ਼ਾ, ਆਪਣੀ ਚੌਖਟ, ਆਪਣੇ ਸਗਲ ਦੀਦਾਰੇ।
ਸੁਬਹ ਸਵੇਰੇ ਪੰਛੀ ਆਵੇ,
ਗਾਵੇ ਤੇ ਉੱਡ ਜਾਵੇ।
ਸੱਚ ਕਲਪਨਾ ਬਣ ਜਾਂਦਾ ਹੈ,
ਸਭ ਆਕਾਸ਼ ਵਿਖਾਵੇ।
ਆਪਣੇ ਮੂੰਹ ਵਿਚ ਆਪਣੀ ਵਾਣੀ, ਆਪਣੇ ਚੰਦ ਸਿਤਾਰੇ।
ਆਪਣਾ ਰੰਗ ਤੇ ਰੰਗਤ ਆਪਣੀ, ਆਪਣੀਆਂ ਸੱਤ-ਰੰਗੀਆਂ।
ਗੱਲਾਂ ਕਰਦੀਆਂ ਸਭ ਤਸਵੀਰਾਂ, ਦੀਵਾਰਾਂ 'ਤੇ ਟੰਗੀਆਂ।
ਪੈਰਾਂ ਹੇਠਾਂ ਰੋਜ਼ ਵਿਛਾਈਏ, ਆਪਣੇ ਹੀ ਅਗਿਆਰੇ।
ਸ਼ਬਦਾਂ ਦੇ ਅਸੀਂ ਬੁੱਤ ਬਣਾਈਏ, ਗੱਲਾਂ ਕਰੀਏ ਰੱਜ ਕੇ।
ਪੁਰਜ਼ਾ, ਪੁਰਜ਼ਾ ਅਰਥ ਅਸਾਡੇ,
ਟੁਕੜੀਆਂਚ ਭੱਜਕੇ- ।
ਆਪਣੇ ਪੈਰਾਂ ਹੇਠਾਂ ਮਿੱਧੀਏ, ਨੂਰ, ਧੁੰਦ, ਅਧਿਆਰੇ।
ਬੂਹਾ ਭੀੜ ਕੇ ਤੁਰ ਗਏ ਸੱਭੇ ਸੱਜਣ, ਮੀਤ, ਪਿਆਰੇ।
ਬ੍ਰਹਮੰਡ ਤੋਂ ਅਸੀਂ ਪਿੰਡ ਬਣ ਗਏ, ਪਿੰਡ ਦੇ ਅਜਬ ਨਜ਼ਾਰੇ।




## ਪ੍ਰਕਾਸ਼ ਸੋਹਲ


### ਦੋ ਗ਼ਜ਼ਲਾਂ

kpsohal@aol.com

(1)

ਜੇ ਅਨਜਾਣ ਭੁੱਲੇ ਰਾਹ, ਤਾਂ ਹੱਥ ਫੜੀਏ ਤੇ ਦਸ ਦਈਏ,
ਤੇ ਕੋਈ ਜਾਣ ਭੁੱਲਦਾ ਹੈ ਦਸੋ ਉਸ ਬੰਦੇ ਦਾ ਕੀ ਕਰੀਏ।

ਜੋ ਰਿਸ਼ਤਾ ਕਦਰ ਖੋ ਦੇਵੇ, ਉਹਦਾ ਨਾਮਕਰਣ ਕੀ ਕਰਨਾ,
ਅੱਗ ਲਾਈਏ, ਗੋਰ ਦਬੀਏ ਜਾਂ ਪਾਣੀ ‘ਚ ਬਹਾ ਦਈਏ।

ਮੁਹੱਬਤ ਤਾਂ ਦਿਲਾਂ ਅੰਦਰ ਕਿਆਸੀ ਆਸ਼ਨਾਈ ਹੈ,
ਜਦ ਏਥੇ ਜ਼ੋਰ ਨਹੀਂ ਚਲਦਾ ਜ਼ੋਰ ਆਜਮਾਈ ਨਾ ਕਰੀਏ।

ਔਹ ਜੋ ਤੀਲੇ ਬਿਖ਼ਰੇ ਹਨ, ਕਿਸੇ ਦਾ ਆਲਣਾ ਸੀ ਓਹ,
ਚੱਲ ਚੁੱਗੀਏ ਨਵੀਆਂ ਸੱਧਰਾਂ, ਫ਼ਿਰ ਸੁਪਨੇ ਸਜਾ ਦਈਏ।

ਦੀਯੇ ਨੇ ਰੌਸ਼ਨੀ ਦੇਣੀ, ਸਭ ਆਪਣੇ ਬੇਗਾਨੇ ਨੂੰ,
ਪੱਲਾ ਸਾਂਭ ਕੇ ਰਖੀਏ, ਨਾ ਕਿਤੇ ਦੀਵਾ ਬੁਝਾ ਦਈਏ।

ਖੜ ਖੜ ਕਰ ਰਿਹਾ ਹੈ ਜੋ, ਕਦੇ ਹਿੱਸਾ ਸੀ ਬਹਾਰਾਂ ਦਾ,
ਸੂਈ ਧਾਗਾ ਕੋਈ ਲਈਏ ਕਿ ਗਿਰਨੇ ਤੋਂ ਬਚਾ ਲਈਏ।

ਜਿਨ੍ਹੂੰ ਇਕ ਵਾਰ ਲਗ ਜਾਵੇ ਚਿਣਗ ਬੁਝਦੀ ਨਹੀਂ
ਹੁੰਦੀ ਹਵਾ ਦੇ ਵਾਅਦਿਆਂ ਦੀ ਨਾ ਐਵੇਂ ਭਾਂਬੜ ਮਚਾ ਦਈਏ।

ਜੇ ਅਨਜਾਣ ਭੁੱਲੇ ਰਾਹ ਤਾਂ ਹੱਥ ਫੜੀਏ ਤੇ ਦਸ ਦਈਏ,
ਤੇ ਕੋਈ ਜਾਣ ਭੁੱਲਦਾ ਹੈ ਦਸੋ ਉਸ ਬੰਦੇ ਦਾ ਕੀ ਕਰੀਏ।

(2)

ਗੱਲ ਇਹ ਜਵਾਂ ਈ ਨਹੀਂ ਕਿ ਤੁਸੀਂ ਗੱਲ ਕਰਦੇ ਹੋ,
ਗੱਲ ਤਾਂ ਹੈ ਬਸ ਏਨੀ ਤੁਸੀਂ ਕੀ ਗੱਲ ਕਰਦੇ ਹੋ।

ਏਹ ਇਸ਼ਕ ਮੁਹੱਬਤਾਂ ਦੇ ਕਿੱਸੇ ਲਾਜ਼ਮ ਸਹੀ, ਲੇਕਿਨ,
ਵਿਲਕਦੀ ਭੁੱਖ ਗਰੀਬੀ ਦੀ ਵੀ, ਕਦੇ ਗੱਲ ਕਰਦੇ ਹੋ।

ਮੈਂ ਮੰਨਦਾ ਖਾਣੇ ਦਾ ਮਜ਼ਾ ਜ਼ਰਾ ਵੀ ਨਹੀਂ ਰਹਿ ਜਾਂਦਾ,
ਜੇ ਹੱਡੀ ਚੂਸਦਿਆਂ ਕੁੱਤਿਆਂ ਦੀ ਖਾਂਦੇ ਗੱਲ ਕਰਦੇ ਹੋ।

ਰਿਸ਼ਵਤ ਲੈਂਦਾ ਹੈ ਕੋਈ ਤਾਂ ਦਿੰਦਾ ਵੀ ਤਾਂ ਕੋਈ ਹੋਣਾ
ਮਾੜਾ ਹੈ ਜਦ ਖੁਦ ਲੈ ਕੇ ਗਿਰਝਾਂ ਦੀ ਗੱਲ ਕਰਦੇ ਹੋ।

ਕਰਦੇ ਸੱਚੀਆਂ ਗੱਲਾਂ ਢਿੱਡ ਮੇਰਾ ਵੀ ਤਾਂ ਹੈ ਦੁਖਿਆ,
ਨਾ ਬਦਲਿਆ ਸੱਠ ਸਾਲਾਂ ਚ ਛੱਡੋ ਕੀ ਗੱਲ ਕਰਦੇ ਹੋ।

ਗੱਲ ਇਹ ਜਵਾਂ ਈ ਨਹੀਂ ਕਿ ਤੁਸੀਂ ਗੱਲ ਕਰਦੇ ਹੋ,
ਗੱਲ ਤਾਂ ਹੈ ਬਸ ਏਨੀ ਤੁਸੀਂ ਕੀ ਗੱਲ ਕਰਦੇ ਹੋ।



## ਗ਼ਜ਼ਲ

ਮਨੋਜ ਫਗਵਾੜਵੀ
+91 92178 89160

ਉਹ ਜਦ ਵੀ ਮਿਲੇ ਮੈਨੂੰ ਗੁਲਾਬ ਦੇਂਦੇ ਨੇ।
ਪਰ ਕੋਰਾ ਮੁਹੱਬਤ ਤੋਂ ਜਵਾਬ ਦੇਂਦੇ ਨੇ।

ਨੈਨਾਂ 'ਚੋਂ ਉਹਦੇ ਮੈਅ ਬਰਸਦੀ ਤਾਂ ਹੈ ਯਾਰੋ,
ਪਰ ਮੈਨੂੰ ਪੀਣ ਲਾਈ ਨ ਤੁੱਬਕਾ ਸ਼ਰਾਬ ਦੇਂਦੇ ਨੇ।

ਮੈਂ ਕਿਉਂ ਨਾ ਕਰਾਂ ਸਿਫ਼ਤਾਂ ਉਹਦੇ ਖ਼ਿਆਲਾਂ ਦੀਆਂ,
ਜੋ ਹਰ ਨੋਜਵਾਂ ਨੂੰ ਰਾਂਝੇ ਦਾ ਖ਼ਿਤਾਬ ਦੇਂਦੇ ਨੇ।

ਜਾਗੀ ਹੈ ਕਿਨ੍ਹੀ ਉਹ ਰਾਤ ਨੂੰ, ਸੁੱਤੀ ਹੈ ਕਿਨ੍ਹੀ,
ਮੁਰਝਾਈ ਕਲੀ ਫੁੱਲ ਸਭ ਹਿਸਾਬ ਦੇਂਦੇ ਨੇ।

ਮੇਰਾ ਕੁਝ ਵੀ ਕਹਿਣ ਦਾ ਹੋਂਸਲਾ ਨਹੀਂ ਪੈਂਦਾ,
ਮੇਰੇ ਹਰ ਸਵਾਲ ਦਾ ਐਸਾ ਜਵਾਬ ਦੇਂਦੇ ਨੇ।

ਫੁੱਲ ਦੀ ਪੱਤੀ ਨਿਕਲਦੀ ਹੈ ਉਸਦੀ ਪੁਸਤਕ 'ਚੋਂ,
ਜਿਹੜੀ ਵੀ ਪੜ੍ਹਨ ਲਈ ਉਹ ਕਿਤਾਬ ਦੇਂਦੇ ਨੇ।

ਆਵੇ ਵਕੱਤ ਕੱਢਕੇ ਜਦੋਂ ਮਿਲਨ ਆਪਨੇ ਯਾਰ ਨੂੰ,
ਆਪਨੇ ਯਾਰ ਨੂੰ ਪਿਆਰ ਵੀ ਬੇਹਿਸਾਬ ਦੇਂਦੇ ਨੇ।

ਉਹ ਤਾਂ ਖੁਸ਼ ਨਸੀਬਾਂ ਵਾਲੇ ਨੇ ਮਨੋਜ ਜਿਹੜੇ ਤੈਨੂੰ,
ਹਰ ਵੇਲੇ ਖ਼ੂਬਸੂਰਤ ਚਿਹਰਾ ਬੇਨਿਕਾਬ ਦੇਂਦੇ ਨੇ।

ਕੀ ਕਾਫ਼ੀ ਨਹੀਂ ਏਨ੍ਹਾਂ ਤੇਰੇ ਲਈ ਐ "ਮਨੋਜ"
ਜੋ ਵੇਖਨ ਲਈ ਮੁਫ਼ਤ ਤੈਨੂੰ ਸਵਾਬ ਦੇਂਦੇ ਨੇ।



## ਨਜ਼ਮ

ਹਰਦਿਆਲ ਸਾਗਰ

ਇੱਕ ਲੱਤ ਛੋਟੀ, ਇੱਕ ਲੱਤ ਵੱਡੀ, ਖੂੰਡੀ ਲੈ ਕੇ ਤੁਰਦਾ ਹੈ!
ਵਕ਼ਤ ਵਫ਼ਾ ਦਾ ਵੱਡਾ ਵੈਰੀ.........ਜੀਕਣ ਕੈਦੋਂ ਲੰਘਦਾ ਹੈ !

"ਆ ! ਵਾਰਿਸ ਨੂੰ ਰਲ ਕੇ ਕਹੀਏ, ਸਾਡਾ ਵੀ ਤਾਂ ਦਰਦ ਲਿਖੇ,"
ਸੈਦੇ ਦੇ ਹਉਕੇ ਨੂੰ ਕਹਿੰਦੀ.......ਜੋਗੀ ਦੀ ਮਰਿਆਦਾ ਹੈ !

"ਮਤਲਬ ਨਿਕਲਣ ਸਾਰ ਹੀ ਇਹ ਬੇਕਾਰ ਹੈ, ਇਸਨੂੰ ਸੁੱਟ ਦੇਵੋ,"
ਹਰ ਰਿਸ਼ਤੇ ਦੇ ਹੇਠਾਂ , ਛੋਟੇ ਅੱਖਰਾਂ ਵਿੱਚ ਇਹ ਲਿਖਿਆ ਹੈ!

ਸੋਚ ਰਿਹਾ ਹਾਂ ਇਸ ਬਾਜ਼ਾਰ 'ਚ........ਕੀਕਣ ਸੌਦੇ ਹੋਵਣਗੇ
ਹਰ ਇੱਕ ਦੇ ਹੱਥਾਂ ਵਿੱਚ......ਆਪਣੀ ਮੋਹਰ ਵਾਲਾ ਸਿੱਕਾ ਹੈ !

ਪੁਸਤਕ ਉੱਤੇ ਖ਼ੌਰੇ ਕਦ ਤੋਂ ...........ਜੰਮੀ ਮਿੱਟੀ ਝਾੜਣ ਨੂੰ,
ਉਸੇ ਪੁਸਤਕ ਵਿੱਚੋਂ ਆਪਾਂ........ਪਾੜ ਲਿਆ ਇੱਕ ਵਰਕਾ ਹੈ!

ਪੀਲਾ ਜਰਦ ਹਜੂਮ ਪਲਾਂ ਵਿੱਚ.....ਸੂਹਾ ਲਾਲ ਹੈ ਕਰ ਦਿੱਤਾ ,
ਮੇਰੇ ਪਿਆਰੇ ਮੁਲਕ ਦੀ ਖ਼ਾਕੀ ਵਰਦੀ ਦਾ ਇਹ ਜਲਵਾ ਹੈ !

ਈ-ਪਤ੍ਰਿਕਾ ਪ੍ਰਤਿਬਿੰਬ ਦੇ ਲਈ ਤੁਸੀਂ ਇਸ਼ਤਿਹਾਰ ਜਾਂ ਰਚਨਾਵਾਂ ਸਾਡੇ ਈ-ਮੇਲ ਪਤੇ scapepunjab@gmail.com ਤੇ ਭੇਜ ਸਕਦੇ ਹੋ। ਸਕੇਪ ਪੰਜਾਬ ਸੰਸਥਾ ਦੀ ਆਰਥਿਕ ਸਹਾਇਤਾ ਲਈ ਸਕੇਪ ਪੰਜਾਬ ਸਕਤੱਰ ਮਨਦੀਪ ਸਿੰਘ ਨੂੰ 9988314214 ਤੇ ਸੰਪਰਕ ਕਰ ਸਕਦੇ ਹੋ।



## ਕਵਿਤਾ : ਨਵਾਂ ਸਾਲ

ਮਨਦੀਪ ਗਿੱਲ

ਲਵੋ ਬਈ ਯਾਰੋ ਫਿਰ ਨਵਾਂ ਸਾਲ ਆ ਗਿਆ
ਪੁਰਾਣਾ ਕਿਸੇ ਨੂੰ ਹਸਾ ਤੇ ਕਿਸੇ ਨੂੰ ਰੁਵਾ ਗਿਆ
ਹੋਣਾ ਸੀ ਜੋ ਹੋ ਗਿਆ, ਭੁੱਲ ਜਾਓ ਹੁਣ ਬੀਤੇ ਨੂੰ
ਸਿੱਖ ਲਵੇ ਸਬਕ ਹੁਣ ਜੋ ਵਕਤ ਸਿਖਾ ਗਿਆ
ਬਦਲਦੇ ਵਕਤ ਨਾਲ, ਬਦਲਣਾ ਵੀ ਜਰੂਰੀ ਹੈ
ਬਦਲਦਾ ਵਕਤ ਇਹ ਵੀ ਬੰਦੇ ਨੂੰ ਸਮਝਾ ਗਿਆ
ਮੰਗਣ ਦੁਆਵਾਂ ਯਾਰ, ਜੋ ਮਿਲੇ ਨੇ ਰੱਬ ਵਰਗੇ
ਨਵੇਂ ਸਾਲ ਦੇ ਕਾਰਡ ਹੱਥ ਡਾਕੀਆਂ ਫੜਾ ਗਿਆ
ਕਿੰਨ੍ਹੇ ਹੀ ਸੰਦੇਸ਼ ਭੇਜੇ , ਆਏ ਕਿੰਨ੍ਹੇ ਹੀ ਮਿੱਤਰਾ ਦੇ
ਹਰ ਕੋਈ ਆਪਣੀ-ਆਪਣੀ ਯਾਦ ਦਿਲਾ ਗਿਆ
ਹੋਵੇ ਤੰਦਰੁਸਤੀ,ਸੁੱਖ,ਸਾਂਤੀ, ਮਿਲੇ ਖ਼ੂਬ ਤਰਕੀਆਂ
ਕਹਿੰਦਾ-ਕਹਿੰਦਾ ਮਨਦੀਪ ਹੱਥ ਵੀ ਮਿਲਾ ਗਿਆ



## ਕਵਿਤਾ : ਭੱਖ ਰਿਹਾ ਕੋਲਾ

ਨਗੀਨਾ ਸਿੰਘ ਬਲੱਗਣ
+91 7087182897

ਜਿਥੇ ਵੀ ਤੂੰ ਰਹੇਂਗੀ, ਉਥੇ ਚਾਨਣ ਖਿਲਾਰਾਂਗਾ।
ਸੁਕੇ ਹੋਏ ਸਮੁੰਦਰ ਚੋਂ ਤੈਨੂੰ ਮੈਂ ਨਿਹਾਰਾਂਗਾ।
ਦੁਖ ਤੇਰੀ ਜ਼ਿੰਦਗੀ ਦੇ, ਆਪਾਂ ਜਰ ਲਵਾਂਗੇ।
ਭੱਖ ਰਿਹਾ ਕੋਲਾ, ਤਲੀ ਤੇ ਧਰ ਲਵਾਂਗੇ।

ਮੇਰੀਏ ਪਰਵਾਜ਼-ਮੈਨੂੰ ਕਿਥੇ ਲੈ ਜਾਏਂਗੀ
ਉਤਲੀਆਂ ਹਵਾਂਵਾ ਚੋਂ, ਮੈਨੂੰ, ਤੂੰ ਉਡਾਏਗੀ।
ਕਰੇਗੀ ਇਸ਼ਾਰਾ, ਝਟਪਟੇ, ਮਰ ਲਵਾਂਗੇ।
ਭੱਖ ਰਿਹਾ.........................

ਸ਼ਹੁ ਪਤਣਾ ਦੀ ਤਾਰੂ ਤੂੰ, ਮੈਨੂੰ ਤਰਨਾ ਨਹੀਂ ਆਉਂਦਾ।
ਤੂੰ ਵਾਂਗ ਮੱਛੀ ਤਰੇ-ਮੈਨੂੰ ਪਾਣੀ ਨਹੀਉ ਭਾਉਂਦਾ
ਹੋ ਜਾਏ ਨਜ਼ਰ ਸਵਲੀ-ਔਖੇ ਸੌਖੇ ਤਰ ਲਵਾਂਗੇ
ਭੱਖ ਰਿਹਾ ਕੋਲਾ...................

ਆਸ਼ਕ ਬਹਾਰਾਂ ਦਾ, ਪਤਝੱੜ, ਝੋਲੀ ਪਾਈ ਨਾਂ
ਹਸਣਾ ਹੀ ਚਾਹੁੰਦਾ ਹਾਂ, ਹਸਦੇ ਨੂੰ ਰੋ ਆਂਵੀ ਨਾ
ਗਲ ਬਲੱਗਣ ਦੀ ਮੰਨ, ਤੇਰੀ ਮਰਜ਼ੀ ਕਰ ਲਵਾਂਗੇ
ਭੱਖ ਰਿਹਾ ਕੋਲਾ................

## ਪ੍ਰਾਪਤ ਪੁਸਤਕਾਂ















# ਦਸੰਬਰ ਮਹੀਨੇ ਸਾਡੇ ਵਿਹੜੇ ਆਏ ਮਹਿਮਾਨ



ਅਮਰੀਕਾ ਤੋਂ ਆਏ ਮੁਹਿੰਦਰ ਘੱਗ, ਦਿਲ ਨਿੱਜਰ ਅਤੇ ਪ੍ਰਿ. ਸੁਰਿੰਦਰ ਸਿੰਘ ਛੀਨਾ (ਜਲੰਧਰ) ਦਾ ਸਨਮਾਨ ਸਮਾਰੋਹ




ਪ੍ਰਸਿੱਧ ਪਰਵਾਸੀ ਗ਼ਜ਼ਲਗੋ ਗੁਰਸ਼ਰਨ ਸਿੰਘ ਅਜੀਬ(ਯੂ. ਕੇ.) ਦਾ ਸਨਮਾਨ ਕਰਦੇ ਹੋਏ ਸਕੇਪ ਸੰਸਥਾ ਦੇ ਮੈਂਬਰ